ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004
www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com



ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 33, Issue No. 42, Ending Date:Oct 16, 2026



LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Cell: 253-223-3717


## ਨਿਊਜ਼ੀਲੈਂਡ ਦੇ ਪ੍ਰਧਾਨ ਨੇ ਕੀਤੀ ਸਿੱਖ ਕੌਮ ਦੀ ਸ਼ਲਾਘਾ

ਆਕਲੈਂਡ:ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਆਕਲੈਂਡ ਦੇ ਪ੍ਰਸਿੱਧ ਗੁਰਦੁਆਰਾ ਟਾਕਾਨੀਨੀ ਸਾਹਿਬ ਵਿਖੇ ਨਤਮਸਤਕ ਹੋਏ। ਇਥੇ ਦੇਸ਼ ਦੀ ਤਰੱਕੀ ਅਤੇ ਸਮਾਜਿਕ ਤਾਣੇ-ਬਾਣੇ ਵਿਚ ਸਿੱਖ ਭਾਈਚਾਰੇ ਵਲੋਂ ਪਾਏ ਜਾ ਰਹੇ ਬੇ ਮਿਸਾਲ ਯੋਗਦਾਨ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ।

ਸਿੱਖ ਚਿਲਡਰਨ ਸ਼ੋਅ ਦੇ ਸਮਾਪਤੀ ਸਮਾਰੋਹ ਦੌਰਾਨ ਇਕੱਠੀ ਹੋਈ ਹਜ਼ਾਰਾਂ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਕ ਬਹੁਤ ਹੀ ਭਾਵੁਕ ਅਤੇ ਇਤਿਹਾਸਕ ਬਿਆਨ ਦਿੱਤਾ।ਉਨ੍ਹਾਂ ਕਿਹਾ, "ਤੁਸੀਂ ਵੀ ਓਨੇ ਹੀ ਨਿਊਜ਼ੀਲੈਂਡਰ ਹੋ, ਜਿੰਨਾ ਕੋਈ ਹੋਰ। ਦੇਸ਼ ਦੇ ਵਿਕਾਸ ਵਿਚ ਤੁਹਾਡੀ ਸਖ਼ਤ ਮਿਹਨਤ ਅਤੇ ਵਚਨਬੱਧਤਾ 'ਤੇ ਪੂਰੇ ਦੇਸ਼ ਨੂੰ ਮਾਣ ਹੈ।ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਲਕਸਨ ਨੇ ਨਫ਼ਰਤ ਫੈਲਾਉਣ ਵਾਲੇ ਅਤੇ ਕੱਟੜਪੰਥੀ ਅਨਸਰਾਂ ਨੂੰ ਬਹੁਤ ਹੀ ਸਪੱਸ਼ਟ ਸੰਦੇਸ਼ ਦਿਤਾ ਉਨ੍ਹਾਂ ਸਾਫ਼ ਸ਼ਬਦਾਂ ਵਿਚ ਆਖਿਆ ਕਿ ਨਿਊਜ਼ੀਲੈਂਡ ਇਕ ਬਹੁ- ਸੱਭਿਆਚਾਰਕ ਦੇਸ਼ ਹੈ ਅਤੇ ਇੱਥੇ ਨਸਲਵਾਦ ਲਈ ਕੋਈ ਥਾਂ ਨਹੀਂ ਹੈ।

ਸਰਕਾਰ ਹਰ ਨਾਗਰਿਕ ਦੀ ਬਰਾਬਰੀ ਅਤੇ ਆਪਸੀ ਸਤਿਕਾਰ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਪਿਛਲੇ ਸਮੇਂ ਦੌਰਾਨ ਨਿਊਜ਼ੀਲੈਂਡ ਵਿਚ ਸਿੱਖ ਭਾਈਚਾਰੇ ਅਤੇ ਖਾਸ ਕਰਕੇ ਭਾਰਤੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲਿਆਂ 'ਤੇ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ ਇਸ ਖੇਤਰ ਵਿਚ ਅਪਰਾਧ ਇਕ ਵੱਡੀ ਚੁਣੌਤੀ ਸੀ।

ਪਰ ਮੌਜੂਦਾ ਸਰਕਾਰ ਦੀਆਂ ਸਖ਼ਤ ਨੀਤੀਆਂ ਅਤੇ ਪੁਲਿਸ ਪ੍ਰਸ਼ਾਸਨ ਦੀ ਮੁਸਤੈਦੀ ਸਦਕਾ ਅਜਿਹੀਆਂ ਵਾਰਦਾਤਾਂ ਵਿਚ 85 ਫੀਸਦੀ ਤੱਕ ਦੀ ਵੱਡੀ ਕਮੀ ਆਈ ਹੈ।ਉਨ੍ਹਾਂ ਭਰੋਸਾ ਦਿਤਾ ਕਿ ਭਾਈਚਾਰੇ ਦੀ ਜਾਨ-ਮਾਲ ਦੀ ਸੁਰੱਖਿਆ ਸਰਕਾਰ ਦੀ ਮੁੱਖ ਤਰਜੀਹ ਹੈ।



ਸਮਾਗਮ ਦੀ ਸ਼ੁਰੂਆਤ ਦੌਰਾਨ ਗੁਰਘਰ ਦੇ ਬੱਚਿਆਂ ਅਤੇ ਬੀਬੀਆਂ ਵਲੋਂ ਨਿਊਜ਼ੀਲੈਂਡ ਦਾ ਰਾਸ਼ਟਰੀ ਗੀਤ ਗਾ ਕੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ।ਲਕਸਨ ਨੇ ਸਿੱਖ ਭਾਈਚਾਰੇ ਵੱਲੋਂ ਆਪਣੀ ਅਗਲੀ ਪੀੜ੍ਹੀ ਨੂੰ ਉੱਚੇ ਸੰਸਕਾਰ ਦੇਣ ਅਤੇ ਦੇਸ਼ ਦੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਦੇ ਯਤਨਾਂ ਦੀ ਮਿਸਾਲ ਦਿਤੀ।ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਅਤੇ ਏਕਤਾ ਵਿਚ ਹੈ।


Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੌਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIAL GROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover Mortgage Loan Originator

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
Call to Advertise 604-590-5200

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033

John L. Scott Real Estate
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਇੰਡੀਅਨ ਕੁੱਕ ਦੀ ਲੋੜ
ਸਿਆਟਲ ਵਿਚ ਜੇ ਕੇ ਟਾਇਰ (Cascade Truck & RV Wash) ਵਾਲਿਆਂ ਨੂੰ ਫੂਡ ਟਰੱਕ ਤੇ ਕੰਮ ਕਰਨ ਲਈ ਇੰਡੀਅਨ ਕੁੱਕ ਦੀ ਤੁਰੰਤ ਲੋੜ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-206-245-0114

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell: 206-446-9366
Office: 253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

Ozone Roofing LLC
Seattle, Tacoma & Everett ਵਿਚ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੀ ਰੂਫਿੰਗ ਦਾ ਕੰਮ ਤਸੱਲੀਬਖ਼ਸ਼ ਕਰਦੇ ਹਾਂ
Free Estimate
For Best Quotes Contact:
JD Singh 1-253-350-0341
Licensed, Bonded & Insured

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax
•Indian Visa & OCI Applications
•Health Plans
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
Wize Mortgage
ਮੋਰਗੇਜ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group
INDIAN FOOD DISTRIBUTOR
Haldiram's
AUTHENTIC INDIAN SNACKS
ORDER NOW
Haldiram's
Minute Khana
JUMBO PUNJABI SAMOSA
DELICIOUS AND CRISPY PREPARATION FILLED WITH BOILED POTATOES AND SPICES
NET WEIGHT 1.4kg ℮ 3lb 1.3oz
MEDIUM
VALUE PACK
14
ALL NATURAL
PRODUCT OF INDIA
Haldiram's Jumbo Punjabi Samosa 1.4kg
"ਹਲਦੀਰਾਮਜ਼ ਜੰਬੋ ਪੰਜਾਬੀ ਸਮੋਸਾ 1.4 ਕਿਲੋ"
Crispy Bites, Big Flavor – Perfect for Every Occasion!
BUY NOW
For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.


DIAMONDS!
Diamond Necklace
Wedding Sets
and
Wedding Rings
50% off
Come see our collection
ਡਾਇਮੰਡਜ !
ਅਸੀਂ ਹਣ ਡਾਇਮੰਡ ਨੈਕ੍ਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ
50% off
ਆ ਕੇ ਕੁਲੈਕਸ਼ਨ ਦੇਖੋ
Season Special!
Visit our store for special pricing when buying
50 grams or more of 22k Gold Jewelry!
ਸੀਜਨ ਸਪੈਸ਼ਲ !
ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।
CASH FOR GOLD
ਸੋਨੇ ਬਦਲੇ
ਡਾਲਰ ਲਉ
ਸਾਡੀਆਂ
ਕੀਮਤਾਂ
ਬਹੁਤ
ਘੱਟ ਹਨ
TAJ JEWELERS
UNIQUELY DESIGNED 22KT GOLD JEWELRY
WE SELL FOR LESS
ਤਾਜ਼ ਜਿਊਲਰਜ਼
TRADE YOUR OLD GOLD FOR NEW JEWELRY
ਆਪਣੇ ਪੁਰਾਣੇ
ਗਹਿਣਿਆਂ ਬਦਲੇ
ਨਵੇਂ ਫੈਸ਼ਨ ਦੇ
ਗਹਿਣੇ ਲਉ
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
Ph:253-981-3071
10120 SE 260th St. Suite 110, Kent, WA 98030
Open: 7 Days Tuesday to Sunday 11am to 7pm, Mon 11am to 6pm
ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਸ੍ਰੀ ਅਨੰਦਪੁਰ ਸਾਹਿਬ ਘਟਨਾਕ੍ਰਮ ਦੀ ਜਾਂਚ ਲਈ ਸਿੱਟ ਦਾ ਗਠਨ

ਚੰਡੀਗੜ੍ਹ (ਗੁਰਜੀਤ ਬਿੱਲਾ) 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਵੀਰਵਾਰ ਇੱਕ ਵਾਰ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਚੁੱਕੇ ਅਤੇ ਸ੍ਰੀ ਅਨੰਦਪੁਰ ਸਾਹਿਬ ਸਰਾਂ ਮਾਮਲੇ 'ਤੇ ਐੱਸ ਜੀ ਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਇਸ ਦੇ "ਮੁੱਖ ਸਰਪ੍ਰਸਤ" ਸੁਖਬੀਰ ਸਿੰਘ ਬਾਦਲ ਤੋਂ ਜਵਾਬ ਮੰਗਿਆ।ਉਨ੍ਹਾਂ ਐੱਸ ਜੀ ਪੀਸੀ ਸਰਾਂ ਵਿੱਚ ਮਹਿਲਾ ਦੇ ਠਹਿਰਨ, 1 ਲੱਖ ਦੇ ਇਲਾਜ ਦੇ ਭੁਗਤਾਨ ਅਤੇ ਰਜਿਸਟਰ ਵਿੱਚ ਗੜਬੜੀਆਂ ਬਾਰੇ ਐੱਸ ਜੀ ਪੀ ਸੀ ਪ੍ਰਧਾਨ ਦੁਆਰਾ ਦਿੱਤੇ ਸਪੱਸ਼ਟੀਕਰਨਾਂ 'ਤੇ ਸਵਾਲ ਚੁੱਕੇ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ, "'ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਪੂਰੇ ਘਟਨਾਕ੍ਰਮ ਦੀ ਜਾਂਚ ਲਈ ਤਿੰਨ ਮੈਂਬਰੀ ਐੱਸ ਆਈ ਟੀ ਦਾ ਗਠਨ ਕੀਤਾ ਹੈ।ਐੱਸ ਆਈ ਟੀ ਦੀ ਅਗਵਾਈ ਪੰਜਾਬ ਪੁਲਸ ਅਧਿਕਾਰੀ ਗੁਰਬੰਸ ਸਿੰਘ ਬੈਂਸ ਕਰ ਰਹੇ ਹਨ, ਜਦੋਂ ਕਿ ਸਿਮਰਨਜੀਤ ਸਿੰਘ ਲੰਗ ਅਤੇ ਕਰਨ ਸਿੰਘ ਸੰਧੂ ਇਸ ਦੇ ਮੈਂਬਰ ਹਨ । ਇਹ ਜਾਂਚ ਉਨ੍ਹਾਂ ਬਹੁਤ ਸਾਰੇ ਸਵਾਲਾਂ ਦਾ ਹੱਲ ਕਰੇਗੀ, ਜੋ ਹੁਣ ਤੱਕ ਅਣਸੁਲਝੇ ਰਹੇ ਹਨ ।'" ਉਨ੍ਹਾ ਕਿਹਾ, "'ਜਾਂਚ ਵਿੱਚ ਇਹ ਜਵਾਬ ਮਿਲੇਗਾ ਕਿ ਮਹਿਲਾ ਬਹਿਰੀਨ ਤੋਂ ਕਿਵੇਂ ਆਈ, ਸ੍ਰੀ ਅਨੰਦਪੁਰ ਸਾਹਿਬ ਦੀ ਐੱਸ ਜੀ ਪੀ ਸੀ ਸਰਾਂ ਵਿੱਚ ਉਸ ਦੇ ਆਉਣ ਅਤੇ ਠਹਿਰਨ ਦਾ ਪ੍ਰਬੰਧ ਕਿਸ ਨੇ ਕੀਤਾ, ਉਸ ਨੂੰ ਕੀ-ਕੀ ਇੰਤਜ਼ਾਮ ਅਤੇ ਸਹੂਲਤਾਂ ਦਿੱਤੀਆਂ ਗਈਆਂ, ਇਹ ਸਹੂਲਤਾਂ ਕਿਸ ਨੇ ਮਨਜ਼ੂਰ ਕੀਤੀਆਂ ਅਤੇ ਉਸ ਨੂੰ ਮਹੀਨਿਆਂਬੱਧੀ ਉੱਥੇ ਰਹਿਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ।' ਆਪ ਪੰਜਾਬ ਦੇ ਮੀਡੀਆ ਇੰਚਾਰਜ ਨੇ ਦਾਅਵਾ ਕੀਤਾ ਕਿ "ਭਗਵੰਤ ਮਾਨ ਸਰਕਾਰ ਨੇ ਹੁਣ ਇਸ ਪੂਰੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ, ਜੋ ਉਨ੍ਹਾਂ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇਵੇਗੀ, ਜੋ ਹੁਣ ਤੱਕ ਅਣਸੁਲਝੇ ਸਨ।

# ਪੰਜਾਬ ਚੋਣਾਂ ਤੋਂ ਪਹਿਲਾਂ ਭਾਜਪਾ ਘਬਰਾ ਗਈ ਹੈ:ਮਾਨ

ਸੰਗਰੂਰ/ਧੂਰੀ:ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਸੀ ਬੀ ਆਈ ਵੱਲੋਂ ਆਪਣੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਦੇ ਘਰ ਛਾਪੇਮਾਰੀ ਤੋਂ ਇੱਕ ਦਿਨ ਬਾਅਦ ਬੁੱਧਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਵਿਰੋਧੀਆਂ 'ਤੇ ਛਾਪੇਮਾਰੀ ਕਰਵਾਉਣਾ ਭਾਜਪਾ ਦੇ 'ਕੰਮ ਕਰਨ ਦਾ ਤਰੀਕਾ' ਹੈ। ਉਨ੍ਹਾ ਦਾਅਵਾ ਕੀਤਾ ਕਿ 7-8 ਘੰਟੇ ਚੱਲੀ ਇਸ ਤਲਾਸ਼ੀ ਦੌਰਾਨ ਕੇਂਦਰੀ ਏਜੰਸੀ ਨੂੰ ਕੁਝ ਵੀ ਇਤਰਾਜ਼ਯੋਗ ਜਾਂ ਸ਼ੱਕੀ ਨਹੀਂ ਮਿਲਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੀ ਬੀ ਆਈ ਨੇ ਮੰਗਲਵਾਰ ਘੁੰਮਣ ਅਤੇ ਹੋਰ ਅਧਿਕਾਰੀਆਂ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ। ਇਸ ਤੋਂ ਬਾਅਦ ਏਜੰਸੀ ਨੇ ਮੁੱਖ ਮੰਤਰੀ ਦੇ 'ਕੈਂਪ ਦਫਤਰ' ਸਮੇਤ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਸੀ। ਹਾਈ ਕੋਰਟ ਨੇ ਕੇਂਦਰੀ ਏਜੰਸੀ ਨੂੰ ਜਾਂਚ ਦੇ ਨਿਰਦੇਸ਼ ਦਿੰਦਿਆਂ ਨੋਟ ਕੀਤਾ ਸੀ ਕਿ ਈ ਡੀ ਵੱਲੋਂ ਸਾਂਝੀ ਕੀਤੀ ਗਈ ਸਮੱਗਰੀ ਪਹਿਲੀ ਨਜ਼ਰੇ ਅਧਿਕਾਰੀਆਂ ਦੀ ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਵੱਲ ਇਸ਼ਾਰਾ ਕਰਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਦੋਸ਼ ਲਾਇਆ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਭਾਜਪਾ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਲੱਗ ਜਾਂਦੀ ਹੈ। ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਵਿਰੋਧੀ ਧਿਰ ਦੇ ਆਗੂਆਂ, ਉਨ੍ਹਾਂ ਦੇ ਸਾਥੀਆਂ ਜਾਂ ਪਰਵਾਰਕ ਮੈਂਬਰਾਂ 'ਤੇ ਛਾਪੇਮਾਰੀ ਕਰਵਾ ਕੇ ਉਨ੍ਹਾਂ ਨੂੰ ਤੰਗ-ਪਰੇਸ਼ਾਨ ਕਰਨਾ ਭਾਜਪਾ ਦਾ ਪੁਰਾਣਾ ਹਥਿਆਰ ਹੈ। ਮੁੱਖ ਮੰਤਰੀ ਨੇ ਸਵਾਲ ਚੁੱਕਿਆ ਕਿ ਹਾਈ ਕੋਰਟ ਦੇ ਹੁਕਮਾਂ ਦੇ 24 ਘੰਟਿਆਂ ਦੇ ਅੰਦਰ ਹੀ ਛਾਪਾ ਮਾਰ ਦਿੱਤਾ ਗਿਆ, ਕੀ ਸੀ ਬੀ ਆਈ ਇੰਨੀ ਹੀ ਤੇਜ਼ੀ ਨਾਲ ਪੁਰਾਣੇ ਕੇਸਾਂ 'ਤੇ ਵੀ ਕੰਮ ਕਰਦੀ ਹੈ? ਉਨ੍ਹਾਂ ਕਿਹਾ, ''ਅਸੀਂ ਜਾਂਚ ਤੋਂ ਡਰਨ ਵਾਲੇ ਨਹੀਂ ਹਾਂ।ਪਰ ਚੋਣਾਂ ਤੋਂ ਪਹਿਲਾਂ ਭਾਜਪਾ ਘਬਰਾ ਗਈ ਹੈ।

# ਅਮਰੀਕਾ ਵੱਲੋਂ ਟਾਟਾ, ਵਿਪਰੋ, ਮਾਈਕਰੋਸਾਫਟ ਸਣੇ 8 ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਤੇ ਰੋਕ

ਵਾਸਿੰਗਟਨ:-ਅਮਰੀਕਾ ਨੇ ਆਈ ਟੀ ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਦਾ ਗਰੀਨ ਕਾਰਡ ਵਾਲਾ ਪ੍ਰੋਗਰਾਮ ਰੋਕ ਦਿੱਤਾ ਹੈ। ਇਸ ਤਹਿਤ ਮਾਈਕਰੋਸਾਫਟ ਸਣੇ ਅੱਠ ਆਈ ਟੀ ਕੰਪਨੀਆਂ ਦੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਿਵਾਸ ਜਾਂ ਗਰੀਨ ਕਾਰਡ ਦਿਵਾਉਣ ਵਾਲੇ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਹੈ।ਅਮਰੀਕਾ ਨੇ ਭਾਰਤ ਨਾਲ ਸਬੰਧਤ ਵੱਡੀਆਂ ਆਈਟੀ ਕੰਪਨੀਆਂ ਕੋਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਐੱਚਸੀਐੱਲ, ਕੈਪਜੈਮਿਨੀ, ਮਾਈਕ੍ਰੋਸਾਫਟ ਅਤੇ ਅਡੋਬ ਨੂੰ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਪ੍ਰੋਗਰਾਮ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਕਾਰਵਾਈ ਨਾਲ ਇਨ੍ਹਾਂ ਕੰਪਨੀਆਂ ਨਾਲ ਸਬੰਧਤ ਨਵੇਂ ਅਤੇ ਪਹਿਲਾਂ ਤੋਂ ਚੱਲ ਰਹੇ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਅਰਜ਼ੀ ਮਾਮਲੇ ਪ੍ਰਭਾਵਿਤ ਹੋਣਗੇ।ਇਸ ਕਾਰਵਾਈ ਦਾ ਐਲਾਨ ਅਮਰੀਕਾ ਦੇ ਕਿਰਤ ਮੰਤਰੀ ਕੀਥ ਸੋਨਡਰਲਿੰਗ ਨੇ ਕੀਤਾ। ਇਸ ਮੌਕੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਅਤੇ ਅਮਰੀਕੀ ਧੋਖਾਧੜੀ ਰੋਕੂ ਟਾਸਕ ਫੋਰਸ ਦੇ ਮੁਖੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।


TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*
DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860





Complete DENTAL CARE

ਹਰ ਤਰ੍ਹਾਂ ਦੇ ਦੰਦਾਂ ਦੀ ਸੰਭਾਲ ਲਈ ਅੱਜ ਹੀ ਸੰਪਰਕ ਕਰੋ!

Comprehensive Care, Close to Home

- Full mouth Implants
- Same-Day Crowns
- Pediatric Dentistry
- Wisdom teeth extractions
- Root Canals
- Restorative Dentistry
- Veneers
- Dentures

OUR DENTISTS
Dr. Manpreet Dhaliwal and Associates

7 Locations to Serve You

SUMNER 425-226-5940
MAPLE VALLEY 425-413-8505
COVINGTON 253-243-6576
AUBURN 253-833-2290
RENTON 425-226-5940
FEDERAL WAY 253-838-2018
KENT 253-854-2714

SAME-DAY EMERGENCY APPOINTMENTS AVAILABLE

Kent office — Suite #1, 10725 SE 256th St, Kent, WA 98030



# ਨਾਨਾ ਪਾਟੇਕਰ ਦਾ ਦੇਹਾਂਤ

ਪਣਜੀ : ਉੱਘੇ ਅਦਾਕਾਰ ਨਾਨਾ ਪਾਟੇਕਰ (76) ਦਾ ਵੀਰਵਾਰ ਤੜਕੇ ਗੋਆ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ।ਪਾਟੇਕਰ ਨੇ ਆਪਣੇ ਅਚਾਨਕ ਦੇਹਾਂਤ ਤੋਂ ਮਹਿਜ਼ ਤਿੰਨ ਦਿਨ ਪਹਿਲਾਂ ਪਣਜੀ ਨੇੜੇ ਡੋਨਾ ਪੌਲਾ ਵਿਖੇ ‘ਸਮਰਾਟ ਕਲੱਬ ਇੰਟਰਨੈਸ਼ਨਲ’ ਦੇ ਇੱਕ ਪ੍ਰੋਗਰਾਮ ਦੌਰਾਨ ਕਿਹਾ ਸੀ, ”ਅਸੀਂ ਸਾਰਿਆਂ ਨੇ ਇੱਕ ਦਿਨ ਜਾਣਾ ਹੈ।ਪਤਾ ਨਹੀਂ ਮੈਂ ਕੱਲ੍ਹ ਇੱਥੇ ਰਹਾਂਗਾ ਜਾਂ ਨਹੀਂ । ਇਹ ਸਮਾਂ ਹਰ ਕਿਸੇ ਦੇ ਜੀਵਨ ਵਿੱਚ ਆਉਂਦਾ ਹੈ, ਪਰ ਉਹ ਸਮਾਂ ਆਉਣ ਤੋਂ ਪਹਿਲਾਂ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਕੀ ਮੈਂ ਉਹ ਕਰ ਪਾ ਰਿਹਾ ਹਾਂ, ਜੋ ਮੈਂ ਕਰਨਾ ਚਾਹੁੰਦਾ ਹਾਂ? ਕੀ ਮੈਂ ਕੋਸ਼ਿਸ਼ ਕੀਤੀ ਹੈ।

# ਭਾਰਤ ਦੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ ਨੌਜਵਾਨਾਂ ਦੀ ਆਵਾਜ਼ ਬਣ ਗਈ

ਨਵੀਂ ਦਿੱਲੀ: ਭਾਰਤ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਦੇ ਆਲੇ ਦੁਆਲੇ ਦੇ ਵਿਵਾਦ ਕਾਰਨ ਸ਼ੁਰੂ ਹੋਇਆ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਨ ਵਾਲਾ ਅੰਦੋਲਨ ਹੁਣ ਦੇਸ਼ ਭਰ ਦੇ ਨੌਜਵਾਨਾਂ ਦੀ ਆਵਾਜ਼ ਬਣ ਗਿਆ ਹੈ।, ਯੁਵਾ ਸੰਗਠਨ, ਕਾਕਰੋਚ ਜਨਤਾ ਪਾਰਟੀ (ਸੀਜੇਪੀ) ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਲਈ ਦਬਾਅ ਪਾਉਣ ਲਈ 10 ਅਕਤੂਬਰ ਨੂੰ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ।ਇਸ ਦੌਰਾਨ, ਵਿਰੋਧੀ ਪਾਰਟੀਆਂ ਨੇ ਚੋਣ ਕਮਿਸ਼ਨ ਵਿਰੁੱਧ ਵਿਰੋਧ ਮਾਰਚ ਅਤੇ ‘ਲੋਕਤੰਤਰ ਬਚਾਓ’ ਰੈਲੀਆਂ ਦੀਆਂ ਯੋਜਨਾਵਾਂ ਦਾ ਵੀ ਐਲਾਨ ਕੀਤਾ ਹੈ।10 ਅਕਤੂਬਰ ਤੋਂ ਵੱਡੇ ਪੱਧਰ ‘ਤੇ ਜਨਤਕ ਪ੍ਰਦਰਸ਼ਨਾਂ ਦਾ ਐਲਾਨ ਕਰਦੇ ਹੋਏ, ਸੀਜੇਪੀ ਨੇਤਾ ਸੌਰਵ ਦਾਸ ਨੇ ਕਿਹਾ ਕਿ ਨੌਜਵਾਨਾਂ ਦੇ ਅਧਿਕਾਰਾਂ ਅਤੇ ਭਵਿੱਖ ਲਈ ਸੰਘਰਸ਼ ਹਰ ਕੀਮਤ ‘ਤੇ ਜਾਰੀ ਰਹੇਗਾ।

# ਪੱਛਮੀ ਬੰਗਾਲ ਵਿੱਚ ਹਿੰਦੂਤਵੀ ਭੀੜ ਨੇ ਦੋ ਮੁਸਲਮਾਨਾਂ ਨੂੰ ਮਾਰਿਆ

ਕੋਲਕਾਤਾ: ਭਾਰਤੀ ਜਨਤਾ ਪਾਰਟੀ ਸ਼ਾਸਤ ਪੱਛਮੀ ਬੰਗਾਲ ਰਾਜ ਵਿੱਚ ਹਿੰਦੂਤਵੀ ਭੀੜ ਨੇ ਦੋ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਤਿੰਨ ਹੋਰ ਜ਼ਖਮੀ ਕਰ ਦਿੱਤੇ।ਦਾਰਜੀਲਿੰਗ ਜ਼ਿਲ੍ਹੇ ਦੇ ਮਤੀਗਰਾ-ਬਾਗਡੋਗਰਾ ਖੇਤਰ ਵਿੱਚ ਬਾਲਸਨ ਨਦੀ ਦੇ ਨੇੜੇ ਤਾਰਾਬਾਰੀ ਪਿੰਡ ਦੇ ਨੇੜੇ ਇੱਕ ਹਿੰਦੂਤਵੀ ਭੀੜ ਵੱਲੋਂ ਪੰਜ ਲੋਕਾਂ ‘ਤੇ ਹਮਲਾ ਕਰਨ ਤੋਂ ਬਾਅਦ ਦੋ ਮੁਸਲਿਮ ਆਦਮੀ ਮਾਰੇ ਗਏ ਅਤੇ ਤਿੰਨ ਹੋਰ ਜ਼ਖਮੀ ਹੋ ਗਏ।ਪੀੜਤਾਂ ਦੀ ਪਛਾਣ ਸ਼ਾਹਿਦ ਅਖਤਰ ਅਤੇ ਸੱਜਾਦ ਮੁਹੰਮਦ ਵਜੋਂ ਹੋਈ ਹੈ, ਜਦੋਂ ਕਿ ਹਮਲੇ ਵਿੱਚ ਅਮੀਰ ਸੱਤਾਰ, ਅਕਰਮ ਖਾਨ ਅਤੇ ਆਰਿਫ ਖਾਨ ਜ਼ਖਮੀ ਹੋ ਗਏ ਹਨ।

# ਭਾਰਤ-ਅਮਰੀਕਾ ਵਪਾਰ ਗੱਲਬਾਤ ਰੁਕੀ:ਨਿਰਮਲਾ ਸੀਤਾਰਮਨ

ਨਵੀਂ ਦਿੱਲੀ:ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਵੀਕਾਰ ਕੀਤਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਸਬੰਧੀ ਗੱਲਬਾਤ ਕਈ ਮਹੀਨਿਆਂ ਤੋਂ ਜਾਰੀ ਰਹਿਣ ਦੇ ਬਾਵਜੂਦ ਰੁਕ ਗਈ ਹੈ।ਸੀਤਾਰਮਨ ਨੇ ਨਵੀਂ ਦਿੱਲੀ ਵਿੱਚ - ਮਿਊਨਿਖ ਸੁਰੱਖਿਆ ਕਾਨਫਰੰਸ ਦੇ ਸੰਦਰਭ ਵਿੱਚ ਬੋਲਦੇ ਹੋਏ - ਕਿਹਾ ਕਿ ਭਾਵੇਂ ਵਪਾਰ ਸਮਝੌਤੇ ‘ਤੇ ਚਰਚਾ ਚੱਲ ਰਹੀ ਹੈ, ਪਰ ਕੁਝ ਮੁੱਦਿਆਂ ‘ਤੇ ਤਰੱਕੀ ਕਰਨਾ ਮੁਸ਼ਕਲ ਹੋ ਗਿਆ ਹੈ। ਉਸਨੇ ਸਪੱਸ਼ਟ ਕੀਤਾ ਕਿ ਗੱਲਬਾਤ ਇੱਕ ਅਜਿਹੇ ਪੜਾਅ ‘ਤੇ ਪਹੁੰਚ ਗਈ ਹੈ ਜਿੱਥੇ ਦੋਵਾਂ ਧਿਰਾਂ ਲਈ ਹੋਰ ਰਿਆਇਤਾਂ ਦੇਣਾ ਜਾਂ ਪ੍ਰਾਪਤ ਕਰਨਾ ਬਹੁਤ ਚੁਣੌਤੀਪੂਰਨ ਹੈ।ਅੰਤਰਰਾਸ਼ਟਰੀ ਨਿਊਜ਼ ਏਜੰਸੀ, ਰਾਇਟਰਜ਼ ਦੇ ਅਨੁਸਾਰ, ਸੀਤਾਰਮਨ ਨੇ ਭਾਰਤ-ਅਮਰੀਕਾ ਆਰਥਿਕ ਸਬੰਧਾਂ ਵਿੱਚ ਵਪਾਰ ਅਸੰਤੁਲਨ ਨੂੰ ਇੱਕ ਮੁੱਖ ਕਾਰਕ ਵਜੋਂ ਪਛਾਣਿਆ। ਉਸਨੇ ਨੋਟ ਕੀਤਾ ਕਿ ਅਮਰੀਕਾ ਦਾ ਉਦੇਸ਼ ਇਸ ਅਸੰਤੁਲਨ ਨੂੰ ਘਟਾਉਣਾ ਅਤੇ ਸਾਲਾਂ ਤੋਂ ਇਕੱਠੇ ਹੋਏ ਘਾਟੇ ਨੂੰ ਹੱਲ ਕਰਨਾ ਹੈ।


ਸਿਆਟਲ ਏਰੀਏ ਵਿਚ
PREMIUM ALUMINIUM RAILING SYSTEM
ਕਮਰਸ਼ੀਅਲ ਅਤੇ ਰੈਜੀਡੈਂਸ਼ੀਅਲ ਸੇਵਾਵਾਂ ਪ੍ਰਦਾਨ ਕਰਦੇ ਹਨ



*FENCE *GATE *RAILING

*ਪਿਕੇਟ ਰੇਲਿੰਗ
*ਸ਼ੀਸ਼ੇ ਦੀ ਰੇਲਿੰਗ
*ਡਰਾਈਵਵੇਅ ਗੇਟਸ
*ਵਿੰਡੋ ਸਕਿਓਰਟੀ ਬਾਰਸ
*ਪੈਟੀਓ ਕਵਰ
*ਐਲੂਮਿਨੀਅਮ ਦੀਆਂ ਪੌੜੀਆਂ

ਹੰਢਣਸਾਰ
ਆਧੁਨਿਕ ਡਿਜ਼ਾਈਨ
ਦੇਖਭਾਲ ਮੁਕਤ

ਤਸੱਲੀਬਖਸ਼ ਸੇਵਾਵਾਂ
ਅਤੇ ਵਧੀਆ ਰੇਟ
ਫਰੀ ਐਸਟੀਮੇਟ

Call for more Info:Deep Singh
206-934-9099



ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St    Lynden, WA. 98264 (Bellingham)



1907 ਵਿਚ ਕੱਢੇ ਗਏ ਪ੍ਰਾਣੀਆਂ ਦੀ ਯਾਦ ਵਿਚ ਸਮੂਹ ਫਾਰਮਰ ਵੀਰਾਂ ਅਤੇ ਸਮੂਹ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਕਰਵਾਈ ਜਾਵੇਗੀ
9 ਅਕਤੂਬਰ ਦਿਨ ਸ਼ੁੱਕਰਵਾਰ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 11 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਤਿੰਨੇ ਦਿਨ ਲੰਗਰਾਂ ਦੀ ਸੇਵਾ ਹੋਵੇਗੀ
10 ਅਕਤੂਬਰ ਦਿਨ ਸ਼ਨਿੱਚਰਵਾਰ ਅਵਤਾਰ ਕੌਰ ਚੁੱਗਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ
10 ਅਕਤੂਬਰ ਦਿਨ ਸ਼ਨਿੱਚਰਵਾਰ ਸ਼ਾਮ ਨੂੰ ਮਹਿਕਜੋਤ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਦਿੱਲੀ ਅਦਾਲਤ ਦੇ ਵਕੀਲਾਂ ਨੇ ਵਕੀਲ ‘ਤੇ ਹਮਲੇ ਨੂੰ ਲੈ ਕੇ ਹੜਤਾਲ ਕੀਤੀ

ਨਵੀਂ ਦਿੱਲੀ: ਦਿੱਲੀ ਦੀਆਂ ਰੋਹਿਣੀ ਅਦਾਲਤਾਂ ਦੇ ਵਕੀਲ ਇੱਕ ਪੁਲਿਸ ਸਟੇਸ਼ਨ ‘ਤੇ ਇੱਕ ਵਕੀਲ ਨਾਲ ਹੋਈ ਧੱਕਾ-ਮੁੱਕੀ ਅਤੇ ਸਰੀਰਕ ਹਮਲੇ ਦੇ ਵਿਰੋਧ ਵਿੱਚ ਪੂਰੀ ਹੜਤਾਲ ਕਰ ਰਹੇ ਹਨ, ਜਦੋਂ ਕਿ ਰੋਹਿਣੀ ਕੋਰਟ ਬਾਰ ਐਸੋਸੀਏਸ਼ਨ ਨੇ ਪੁਲਿਸ ਅਧਿਕਾਰੀਆਂ ਨੂੰ ਅਦਾਲਤ ਦੇ ਅਹਾਤੇ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਹੈ। ਇਹ ਵਿਰੋਧ ਪ੍ਰਦਰਸ਼ਨ 29 ਸਤੰਬਰ ਨੂੰ ਮਹਿੰਦਰਾ ਪਾਰਕ ਪੁਲਿਸ ਸਟੇਸ਼ਨ ‘ਤੇ ਐਡਵੋਕੇਟ ਕਮਲਦੀਪ ‘ਤੇ ਹੋਏ ਕਥਿਤ ਹਮਲੇ ਤੋਂ ਬਾਅਦ ਹੋਇਆ ਹੈ।

ਬਾਰ ਐਸੋਸੀਏਸ਼ਨ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਸ਼ਾਮਲ ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ, ਬਾਅਦ ਵਿੱਚ ਵਕੀਲ ਵਿਰੁੱਧ ਕੇਸ ਦਰਜ ਕੀਤਾ ਗਿਆ। ਬਾਰ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਇਹ ਮਾਮਲਾ ਸੰਯੁਕਤ ਪੁਲਿਸ ਕਮਿਸ਼ਨਰ, ਉੱਤਰ-ਪੱਛਮੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਡੀਸੀਪੀ) ਅਤੇ ਉੱਤਰ-ਪੱਛਮੀ ਜ਼ਿਲ੍ਹੇ ਦੇ ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕੋਲ ਉਠਾਇਆ ਸੀ, ਇਸ ਤੋਂ ਇਲਾਵਾ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ

ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਨਿਊਜਰਸੀ 'ਚ ਅਸਾਇਲਮ ਦੇ 488 ਕੇਸਾਂ ਵਿਚੋਂ ਸਿਰਫ ਇੱਕ ਹੋਇਆ ਪਾਸ

ਨਿਊਜਰਸੀ- ਅਮਰੀਕਾ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਵਿਚ ਸ਼ਰਨ ਮੰਗਣ ਵਾਲੇ ਲੋਕਾਂ ਲਈ ਹਾਲਾਤ ਕਾਫ਼ੀ ਸਖ਼ਤ ਹੋ ਰਹੇ ਹਨ। ਸਾਹਮਣੇ ਆਈ ਨਵੀਂ ਰਿਪੋਰਟ ਮੁਤਾਬਕ ਨਿਊਜਰਸੀ ਦੇ ਨਿਊਆਰਕ ਦੀ ਇਮੀਗ੍ਰੇਸ਼ਨ ਅਦਾਲਤ ਵਿਚ ਅਗਸਤ 2026 ਦੌਰਾਨ 488 ਲੋਕਾਂ ਦੇ ਸ਼ਰਨ ਦੇ ਮਾਮਲਿਆਂ ਦਾ ਫ਼ੈਸਲਾ ਹੋਇਆ ਅਤੇ ਸਿਰਫ਼ ਇੱਕ ਵਿਅਕਤੀ ਨੂੰ ਸ਼ਰਨ ਮਿਲੀ। ਬਾਕੀ ਸਾਰੇ ਮਾਮਲੇ ਰੱਦ ਕਰ ਦਿੱਤੇ ਗਏ।ਦੇਸ਼ ਭਰ ਵਿਚ ਵੀ ਸ਼ਰਨ ਦੇ ਮਾਮਲਿਆਂ ਵਿਚ ਰੱਦ ਹੋਣ ਦੀ ਦਰ ਬਹੁਤ ਉੱਚੀ ਰਹੀ ਹੈ। ਰਿਪੋਰਟ ਮੁਤਾਬਕ ਅਗਸਤ ਵਿਚ ਦੇਸ਼ ਭਰ ਦੇ ਲਗਭਗ 94 ਫ਼ੀਸਦੀ ਸ਼ਰਨ ਦੇ ਦਾਅਵੇ ਰੱਦ ਹੋਏ।ਇੱਕ ਹੋਰ ਵੱਡੀ ਤਬਦੀਲੀ ਮਾਮਲਿਆਂ ਦੀਆਂ ਤਾਰੀਖਾਂ ਨੂੰ ਲੈ ਕੇ ਹੋ ਰਹੀ ਹੈ। ਵਕੀਲਾਂ ਮੁਤਾਬਕ ਕਈ ਅਜਿਹੇ ਮਾਮਲੇ, ਜਿਨ੍ਹਾਂ ਦੀ ਸੁਣਵਾਈ ਪਹਿਲਾਂ 2027 ਜਾਂ 2028 ਵਿਚ ਹੋਣੀ ਸੀ, ਹੁਣ ਜਲਦੀ ਸੁਣਵਾਈ ਲਈ ਲਿਆਂਦੇ ਜਾ ਰਹੇ ਹਨ। ਕੁਝ ਲੋਕਾਂ ਨੂੰ ਵਕੀਲ ਲੱਭਣ, ਕਾਗਜ਼ ਤਿਆਰ ਕਰਨ ਅਤੇ ਆਪਣੇ ਮਾਮਲੇ ਦੇ ਸਬੂਤ ਇਕੱਠੇ ਕਰਨ ਲਈ ਬਹੁਤ ਘੱਟ ਸਮਾਂ ਮਿਲ ਰਿਹਾ ਹੈ।ਅਮਰੀਕੀ ਨਿਆਂ ਵਿਭਾਗ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਅਦਾਲਤਾਂ ਵਿਚ ਲੱਖਾਂ ਮਾਮਲੇ ਲਟਕੇ ਹੋਏ ਸਨ ਅਤੇ ਸਰਕਾਰ ਇਨ੍ਹਾਂ ਨੂੰ ਜਲਦੀ ਨਿਪਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਜਲਦੀ ਫ਼ੈਸਲੇ ਕਰਨ ਨਾਲ ਲੋਕਾਂ ਨੂੰ ਆਪਣਾ ਪੱਖ ਪੂਰੀ ਤਰ੍ਹਾਂ ਪੇਸ਼ ਕਰਨ ਲਈ ਸਮਾਂ ਘੱਟ ਮਿਲ ਸਕਦਾ ਹੈ।ਇਸ ਲਈ ਜਿਨ੍ਹਾਂ ਲੋਕਾਂ ਦਾ ਇਮੀਗ੍ਰੇਸ਼ਨ ਅਦਾਲਤ ਵਿਚ ਮਾਮਲਾ ਚੱਲ ਰਿਹਾ ਹੈ, ਉਹ ਆਪਣੀ ਸੁਣਵਾਈ ਦੀ ਤਾਰੀਖ ਲਗਾਤਾਰ ਚੈੱਕ ਕਰਦੇ ਰਹਿਣ।

# ਅਮਰੀਕੀ ਵੀਜ਼ਿਆਂ ਦੀ ਹੌਲੀ ਕਾਰਵਾਈ 'ਤੇ ਵਧ ਸਕਦੀ ਹੈ ਅਦਾਲਤ ਦੀ ਸਖਤੀ

ਵਾਸ਼ਿੰਗਟਨ- ਅਮਰੀਕਾ ਤੋਂ ਬਾਹਰ ਬੈਠੇ ਹਜ਼ਾਰਾਂ ਲੋਕ, ਜੋ ਪਰਿਵਾਰਕ ਜਾਂ ਹੋਰ ਪੱਕੀ ਰਿਹਾਇਸ਼ ਵਾਲੇ ਵੀਜ਼ਿਆਂ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਲਈ ਮਹੱਤਵਪੂਰਨ ਜਾਣਕਾਰੀ ਸਾਹਮਣੇ ਆਈ ਹੈ। ਨਵੀਂ ਰਿਪੋਰਟ ਮੁਤਾਬਕ ਕਈ ਅਮਰੀਕੀ ਦੂਤਾਵਾਸਾਂ ਅਤੇ ਕੌਂਸਲੇਟਾਂ ਵਿਚ ਵੀਜ਼ਿਆਂ ਦੀ ਕਾਰਵਾਈ ਅਦਾਲਤੀ ਹੁਕਮਾਂ ਤੋਂ ਬਾਅਦ ਵੀ ਬਹੁਤ ਹੌਲੀ ਚੱਲ ਰਹੀ ਹੈ।ਇਸੇ ਕਾਰਨ ਇੱਕ ਸੰਘੀ ਜੱਜ ਇਸ ਹਫ਼ਤੇ ਅਮਰੀਕੀ ਵਿਦੇਸ਼ ਵਿਭਾਗ ਲਈ ਪੱਕੀ ਸਮਾਂ-ਹੱਦ ਤੈਅ ਕਰ ਸਕਦਾ ਹੈ। ਸਰਕਾਰ ਨੂੰ ਦਿਖਾਉਣਾ ਪਵੇਗਾ ਕਿ ਅਦਾਲਤ ਦੇ ਹੁਕਮ ਤੋਂ ਬਾਅਦ ਰੁਕੇ ਹੋਏ ਮਾਮਲਿਆਂ ਵਿਚ ਅਸਲ ਤਰੱਕੀ ਕੀਤੀ ਜਾ ਰਹੀ ਹੈ।ਰਿਪੋਰਟ ਮੁਤਾਬਕ ਪਹਿਲਾਂ 75 ਦੇਸ਼ਾਂ ਨਾਲ ਜੁੜੇ ਕੁਝ ਵੀਜ਼ਾ ਮਾਮਲਿਆਂ ਨੂੰ ਰੋਕਿਆ ਗਿਆ ਸੀ। ਇਸ ਨੀਤੀ ਨਾਲ ਲਗਭਗ 43,000 ਅਰਜ਼ੀਕਾਰਾਂ ਦੇ ਮਾਮਲੇ ਪ੍ਰਭਾਵਿਤ ਹੋਏ ਸਨ। ਅਦਾਲਤਾਂ ਵੱਲੋਂ ਸਰਕਾਰ ਦੀਆਂ ਕੁਝ ਕਾਰਵਾਈਆਂ ਉੱਤੇ ਸਵਾਲ ਚੁੱਕੇ ਜਾਣ ਤੋਂ ਬਾਅਦ ਵੀ ਕਈ ਲੋਕ ਅਜੇ ਆਪਣੇ ਮਾਮਲੇ ਅੱਗੇ ਵਧਣ ਦੀ ਉਡੀਕ ਕਰ ਰਹੇ ਹਨ।

ਪੱਕੀ ਰਿਹਾਇਸ਼ ਲਈ ਸਾਲਾਨਾ ਚਿੱਠੀ ਪ੍ਰਣਾਲੀ ਵਾਲੇ ਮਾਮਲਿਆਂ ਵਿਚ ਵੀ ਕਾਰਵਾਈ ਬਹੁਤ ਹੌਲੀ ਦੱਸੀ ਗਈ ਹੈ। ਰਿਪੋਰਟ ਮੁਤਾਬਕ ਸਿਰਫ਼ 836 ਅਰਜ਼ੀਆਂ ਉੱਤੇ ਕਾਰਵਾਈ ਹੋਈ ਅਤੇ ਉਨ੍ਹਾਂ ਵਿਚੋਂ 84 ਨੂੰ ਮਨਜ਼ੂਰੀ ਮਿਲੀ ਸੀ।

ਪਰ ਇਸਦਾ ਇਹ ਮਤਲਬ ਨਹੀਂ ਕਿ ਅਮਰੀਕਾ ਨੇ ਸਾਰੇ ਵੀਜ਼ੇ ਬੰਦ ਕਰ ਦਿੱਤੇ ਹਨ। ਹਰ ਸ਼੍ਰੇਣੀ ਅਤੇ ਹਰ ਅਰਜ਼ੀ ਦੀ ਸਥਿਤੀ ਵੱਖਰੀ ਹੋ ਸਕਦੀ ਹੈ। ਜਿਨ੍ਹਾਂ ਲੋਕਾਂ ਦਾ ਮਾਮਲਾ ਦੂਤਾਵਾਸ ਜਾਂ ਕੌਂਸਲੇਟ ਵਿਚ ਰੁੱਕਿਆ ਹੋਇਆ ਹੈ, ਉਨ੍ਹਾਂ ਲਈ ਆਉਣ ਵਾਲੇ ਦਿਨ ਮਹੱਤਵਪੂਰਨ ਹੋ ਸਕਦੇ ਹਨ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

# ਆਈਸ' ਨੇ ਕਸ਼ਮੀਰ ਦੇ ਫ਼ਿਲਮਕਾਰ ਨੂੰ ਹਿਰਾਸਤ 'ਚ ਲਿਆ



ਨਿਊਯਾਰਕ (ਰਾਜੂ ਸ਼ਹਿਬਾਜ਼ਪੁਰਾ)-ਅਮਰੀਕਾ ਵਿਚ ਕਈ ਸਾਲਾਂ ਤੋਂ ਰਹਿ ਰਹੇ ਭਾਰਤੀ ਕਸ਼ਮੀਰ ਦੇ ਫਿਲਮਕਾਰ ਅਰਾਫ਼ਾਤ ਸ਼ੇਖ ਨੂੰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸ) ਵਲੋਂ ਵਾਸ਼ਿੰਗਟਨ ਡਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਿਰਾਸਤ ਵਿਚ ਲਿਆ ਗਿਆ ਹੈ। 42 ਸਾਲਾ ਸ਼ੇਖ ਇਸ ਵੇਲੇ ਵਰਜੀਨੀਆ ਦੇ ਕੈਰੋਲਾਈਨ ਹਿਰਾਸਤ ਕੇਂਦਰ ਵਿਚ ਹਨ ਅਤੇ ਉਨ੍ਹਾਂ ਦੇ ਸਮਰਥਕ ਰਿਹਾਈ ਦੀ ਮੰਗ ਕਰ ਰਹੇ ਹਨ। ਜਾਣਕਾਰੀ ਮੁਤਾਬਕ ਸ਼ੇਖ 24 ਸਤੰਬਰ ਨੂੰ ਕੈਲੀਫੋਰਨੀਆ ਤੋਂ ਵਾਸ਼ਿੰਗਟਨ ਡੀਸੀ ਪਹੁੰਚੇ ਸਨ। ਉਹ ਲੇਖਕ ਅਤੇ ਫਿਲਮਕਾਰ ਤਾਰਾ ਦੋਰਾਬਜੀ ਨਾਲ 'ਵਿਰੋਧ ਦੇ ਰੂਪ ਵਿਚ ਕਲਾ' ਵਿਸ਼ੇ 'ਤੇ ਹੋਣ ਵਾਲੇ ਇਕ ਸਮਾਗਮ ਵਿੱਚ ਸ਼ਾਮਿਲ ਹੋਣ ਜਾ ਰਹੇ ਸਨ।

ਉਨ੍ਹਾਂ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਦਸਤਾਵੇਜ਼ ਦਿਖਾਉਣ ਦੇ ਬਾਵਜੂਦ ਉਨ੍ਹਾਂ ਨੂੰ ਬਿਨਾਂ ਵਾਰੰਟ ਹਿਰਾਸਤ ਵਿਚ ਲਿਆ ਗਿਆ।ਸਮਰਥਕਾਂ ਅਨੁਸਾਰ ਸ਼ੇਖ 2019 ਵਿਚ ਵਿਦਿਆਰਥੀ ਵੀਜ਼ੇ 'ਤੇ ਕਾਨੂੰਨੀ ਤੌਰ 'ਤੇ ਅਮਰੀਕਾ ਆਏ ਸਨ ਅਤੇ ਜਾਰਜੀਆ ਸਟੇਟ ਯੂਨੀਵਰਸਿਟੀ ਵਿਚ ਫਿਲਮ ਦੀ ਉੱਚ ਪੜ੍ਹਾਈ ਕੀਤੀ। ਉਨ੍ਹਾਂ ਨੇ 2020 ਵਿਚ ਅਮਰੀਕਾ ਵਿਚ ਸ਼ਰਨ ਲਈ ਅਰਜ਼ੀ ਦਿੱਤੀ ਸੀ, ਜਿਸ ਨਾਲ ਸੰਬੰਧਿਤ ਇਮੀਗ੍ਰੇਸ਼ਨ ਮਾਮਲਾ ਅਜੇ ਲੰਬਿਤ ਦੱਸਿਆ ਜਾ ਰਿਹਾ ਹੈ। ਉਹ ਵਰਜੀਨੀਆ ਦੇ ਅਲੈਕਜ਼ੈਂਡਰੀਆ ਵਿਚ ਰਹਿ ਰਹੇ ਸਨ। 'ਆਈਸ' ਜਾਂ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਵਲੋਂ ਸ਼ੇਖ ਨੂੰ ਹਿਰਾਸਤ ਵਿਚ ਲੈਣ ਦੇ ਕਾਰਨਾਂ ਬਾਰੇ ਅਜੇ ਕੋਈ ਜਨਤਕ ਬਿਆਨ ਨਹੀਂ ਦਿੱਤਾ ਗਿਆ। ਭਾਰਤੀ ਕਸ਼ਮੀਰ ਵਿਚ ਜਨਮੇ ਅਰਾਫ਼ਾਤ ਸ਼ੇਖ ਫਿਲਮਕਾਰ, ਲੇਖਕ ਅਤੇ ਨਿਰਮਾਤਾ ਹਨ। ਉਨ੍ਹਾਂ ਦੀ ਪਹਿਲੀ ਫਿਲਮ 'ਸੈਫਰਨ ਕਿੰਗਡਮ' ਭਾਰਤੀ ਕਸ਼ਮੀਰ ਵਿਚ ਸੰਘਰਸ਼, ਉਜਾੜੇ ਅਤੇ ਪਛਾਣ ਵਰਗੇ ਮੁੱਦਿਆਂ ਨਾਲ ਜੁੜੀ ਹੈ। ਇਸ ਫਿਲਮ ਨੂੰ ਕਈ ਫਿਲਮ ਸਮਾਰੋਹਾਂ ਵਿਚ ਸਨਮਾਨ ਮਿਲ ਚੁੱਕੇ ਹਨ ਅਤੇ 2025 ਵਿਚ ਸ਼ੇਖ ਨੂੰ ਉੱਭਰਦੇ ਫਿਲਮਕਾਰ ਅਤੇ ਕਾਰਕੁਨ ਵਜੋਂ ਵੀ ਸਨਮਾਨਿਤ ਕੀਤਾ ਗਿਆ ਸੀ।

# ਛਾਪੇ ਚੋਣਾਂ ਸਮੇਂ ਸਿਰ ਹੋਣ ਦਾ ਸੰਕੇਤ

ਚੰਡੀਗੜ੍ਹ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ  ਕਿਹਾ ਕਿ ਭਾਜਪਾ ਨੇ ਪੰਜਾਬ ਵਿੱਚ ਈ ਡੀ ਅਤੇ ਸੀ ਬੀ ਆਈ ਦੇ ਛਾਪਿਆਂ ਨਾਲ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ।ਛਾਪੇ ਇਸ ਗੱਲ ਦਾ ਸੰਕੇਤ ਹਨ ਕਿ ਚੋਣਾਂ ਸਮੇਂ ਸਿਰ ਹੋਣਗੀਆਂ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ ਵੀ ਭਾਜਪਾ ਵੱਲੋਂ ਚੋਣਾਂ ਵਾਲੇ ਸੂਬਿਆਂ ਵਿੱਚ ਈ ਡੀ ਅਤੇ ਸੀ ਬੀ ਆਈ ਦੇ ਛਾਪਿਆਂ ਨਾਲ ਹੀ ਚੋਣ ਮੁਹਿੰਮ ਸ਼ੁਰੂ ਕੀਤੀ ਗਈ ਸੀ ।ਮਾਨ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੇ ਸਾਥੀਆਂ ਉੱਤੇ ਛਾਪੇਮਾਰੀ ਕਰਵਾਈ ਗਈ, ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਸਮੇਤ ਹੋਰ ਕਈ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ।ਇਸ ਤੋਂ ਪਹਿਲਾਂ ਛੱਤੀਸਗੜ੍ਹ, ਹਰਿਆਣਾ, ਰਾਜਸਥਾਨ ਅਤੇ ਯੂ ਪੀ ਵਿੱਚ ਵੀ ਇਸੇ ਤਰ੍ਹਾਂ ਛਾਪੇਮਾਰੀਆਂ ਕਰਵਾਈਆਂ ਗਈਆਂ ।ਉਨ੍ਹਾ ਕਿਹਾ ਕਿ ਅਦਾਲਤਾਂ ਵਿੱਚ ਪਹਿਲਾਂ ਵੀ ਲੰਬੇ ਸਮੇਂ ਤੋਂ ਕੇਸ ਲਟਕਦੇ ਆ ਰਹੇ ਹਨ, ਜਿਨ੍ਹਾਂ ਦਾ ਨਿਪਟਾਰਾ ਨਹੀਂ ਹੋ ਰਿਹਾ, ਪਰ ਇਹ ਮਾਮਲਾ ਰਾਤੋ-ਰਾਤ ਸੀ ਬੀ ਆਈ ਨੂੰ ਸੌਂਪ ਦਿੱਤਾ ਗਿਆ ਅਤੇ ਸੀ ਬੀ ਆਈ ਨੇ ਵੀ ਤੁਰੰਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ । ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਪੰਜਾਬ ਦੀ ਆਪ ਸਰਕਾਰ ਨੂੰ ਜਾਣ-ਬੁੱਝ ਕੇ ਤੰਗ-ਪਰੇਸ਼ਾਨ ਅਤੇ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਹਰ ਕਿਸਮ ਦੀ ਜਾਂਚ ਵਿੱਚ ਸ਼ਾਮਲ ਹੋਣ ਲਈ ਤਿਆਰ ਹੈ, ਪਰ ਜਦੋਂ ਸੰਮਨ ਸਹੀ ਚੈਨਲ ਰਾਹੀਂ ਉਨ੍ਹਾਂ ਤੱਕ ਪਹੁੰਚਣਗੇ, ਤਾਂ ਹੀ ਉਹ ਜਾਂਚ ਵਿੱਚ ਸ਼ਾਮਲ ਹੋਣਗੇ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com


ੴ ਸਤਿਗੁਰ ਪ੍ਰਸਾਦਿ
ਧੰਨ ਧੰਨ ਗੁਰੂ ਰਾਮਦਾਸ ਸਾਹਿਬ ਜੀ
ਦੇ ਪ੍ਰਕਾਸ਼ ਪੁਰਬ ਨੂੰ ਅਤੇ 1907 ਦੇ ਵਿੱਚ ਕੱਢੇ ਗਏ
ਪ੍ਰਾਣੀਆਂ ਦੀ ਯਾਦ ਨੂੰ ਸਮਰਪਿਤ
ਗੁਰਮਤਿ ਸਮਾਗਮ
Whatcom County ਦੇ ਫਾਰਮਰ ਵੀਰਾਂ ਵੱਲੋ
ਗੁਰਦੁਆਰਾ ਗੁਰੂ ਨਾਨਕ ਸਿੱਖ ਲਿੰਡਨ
176 East Pole Rd
ਵਿਖੇ
09 ਅਕਤੂਬਰ
ਦਿਨ ਸ਼ੁੱਕਰਵਾਰ ਨੂੰ
ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜੀ
11 ਅਕਤੂਬਰ
ਦਿਨ ਐਤਵਾਰ ਨੂੰ
ਭੋਗ ਪੈਣਗੇ
ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਹੋਣਗੀਆਂ ਜੀ
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਭ ਸੰਗਤਾਂ ਨੇ ਤਨ ਮਨ ਧੰਨ ਕਰਕੇ ਸੇਵਾਵਾਂ ਕਰਨੀਆਂ ਜੀ
ਸਮੂੰਹ ਸੰਗਤਾਂ ਨੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ
ਸਮੂੰਹ ਸੇਵਾਦਰਾਂ ਦੀ ਬੇਨਤੀ ਪ੍ਰਵਾਨ ਕਰਨੀ ਜੀ
ਨੋਟ : ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਨੰਬਰ
3603981184, ਸ੍ਰ:ਮਹਿੰਦਰ ਸਿੰਘ ਸੰਘਾ 360 410 5000.

# ਅਮਰੀਕਾ ਆਉਣ ਵਾਲੇ ਯਾਤਰੀਆਂ ਦੇ ਪਾਸਪੋਰਟਾਂ 'ਤੇ ਹੁਣ ਆਮ ਮੋਹਰ ਨਹੀਂ ਲੱਗੇਗੀ

ਵਾਸ਼ਿੰਗਟਨ- ਅਮਰੀਕਾ ਦੇ ਕਸਟਮਜ਼ ਅਤੇ ਸਰਹੱਦ ਸੁਰੱਖਿਆ ਵਿਭਾਗ ਨੇ ਦਾਖ਼ਲੇ ਵੇਲੇ ਯਾਤਰੀਆਂ ਦੇ ਪਾਸਪੋਰਟਾਂ 'ਤੇ ਆਮ ਤੌਰ 'ਤੇ ਦਾਖ਼ਲੇ ਦੀ ਮੋਹਰ ਲਾਉਣੀ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਤਬਦੀਲੀ 1 ਅਕਤੂਬਰ 2026 ਨੂੰ ਜਾਰੀ ਕੀਤੇ ਗਏ ਵਿਭਾਗੀ ਬੁਲੇਟਿਨ ਵਿਚ ਦੱਸੀ ਗਈ। ਇਸ ਦਾ ਮਕਸਦ ਸਰਹੱਦ 'ਤੇ ਜਾਂਚ ਦਾ ਸਮਾਂ ਅਤੇ ਖ਼ਰਚ ਘਟਾਉਣਾ ਹੈ।ਇਸ ਦਾ ਮਤਲਬ ਇਹ ਨਹੀਂ ਕਿ ਯਾਤਰੀਆਂ ਦਾ ਅਮਰੀਕਾ ਵਿਚ ਦਾਖ਼ਲਾ ਦਰਜ ਨਹੀਂ ਹੋਵੇਗਾ। ਵਿਭਾਗ ਦਾਖ਼ਲੇ ਦਾ ਰਿਕਾਰਡ ਇਲੈਕਟ੍ਰਾਨਿਕ ਤਰੀਕੇ ਨਾਲ ਰੱਖੇਗਾ। ਇਸ ਲਈ ਵਿਦੇਸ਼ੀ ਯਾਤਰੀਆਂ ਨੂੰ ਆਪਣੀ ਮਨਜ਼ੂਰਸ਼ੁਦਾ ਰਹਿਣ ਦੀ ਮਿਆਦ ਅਤੇ ਦਾਖ਼ਲੇ ਦੀ ਜਾਣਕਾਰੀ ਜਾਣਨ ਲਈ ਪਾਸਪੋਰਟ ਦੀ ਮੋਹਰ ਉੱਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ।ਯਾਤਰੀ ਆਪਣਾ ਆਉਣ-ਜਾਣ ਦਾ ਰਿਕਾਰਡ ਅਤੇ ਅਮਰੀਕਾ ਵਿਚ ਰਹਿਣ ਦੀ ਮਨਜ਼ੂਰ ਮਿਆਦ ਸਰਕਾਰੀ ਆਈ-94 ਵੈੱਬਸਾਈਟ ਜਾਂ ਵਿਭਾਗ ਦੀ ਮੋਬਾਈਲ ਸੇਵਾ ਰਾਹੀਂ ਵੇਖ ਸਕਦੇ ਹਨ।ਆਈ-94 ਰਿਕਾਰਡ ਕਈ ਹਾਲਤਾਂ ਵਿਚ ਇਹ ਸਾਬਤ ਕਰਨ ਲਈ ਲੋੜੀਂਦਾ ਹੋ ਸਕਦਾ ਹੈ ਕਿ ਕਿਸੇ ਵਿਅਕਤੀ ਨੂੰ ਕਦੋਂ ਤੱਕ ਰਹਿਣ ਦੀ ਇਜਾਜ਼ਤ ਮਿਲੀ ਹੈ। ਸਰਕਾਰੀ ਵੈੱਬਸਾਈਟ 'ਤੇ ਯਾਤਰੀ ਆਪਣਾ ਸਭ ਤੋਂ ਨਵਾਂ ਰਿਕਾਰਡ ਵੇਖ ਸਕਦੇ ਹਨ।ਮੋਹਰਾਂ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤੀਆਂ ਗਈਆਂ। ਖ਼ਾਸ ਜਾਂਚ ਵਾਲੇ ਕਮਰੇ ਵਿਚ ਭੇਜੇ ਗਏ ਯਾਤਰੀਆਂ ਦੇ ਪਾਸਪੋਰਟ 'ਤੇ ਮੋਹਰ ਲੱਗ ਸਕਦੀ ਹੈ। ਕੁਝ ਖ਼ਾਸ ਹਾਲਤਾਂ ਵਿਚ, ਜਿਵੇਂ ਪਰਵਾਸੀ ਵੀਜ਼ੇ 'ਤੇ ਆਉਣ ਵਾਲੇ ਯਾਤਰੀਆਂ ਲਈ ਜਾਂ ਯਾਤਰੀ ਦੀ ਮੰਗ 'ਤੇ, ਅਧਿਕਾਰੀ ਮੋਹਰ ਲਾ ਸਕਦੇ ਹਨ।

ਯਾਤਰਾ ਮਾਹਿਰਾਂ ਨੇ ਵਿਦੇਸ਼ੀ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਦਾਖ਼ਲੇ ਤੋਂ ਬਾਅਦ ਆਪਣਾ ਆਈ-94 ਰਿਕਾਰਡ ਜਾਂਚ ਲੈਣ। ਜੇ ਨਾਮ, ਦਾਖ਼ਲੇ ਦੀ ਮਿਤੀ ਜਾਂ ਰਹਿਣ ਦੀ ਮਿਆਦ ਵਿਚ ਗ਼ਲਤੀ ਹੋਵੇ, ਤਾਂ ਜਲਦੀ ਸਰਹੱਦ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਕੈਲੀਫੋਰਨੀਆ 'ਚ 18 ਸਾਲ ਤੋਂ ਘੱਟ ਉਮਰ ਦੇ ਵਿਆਹ 'ਤੇ ਪੂਰੀ ਪਾਬੰਦੀ

ਸੈਕਰਾਮੈਂਟੋ- ਕੈਲੀਫੋਰਨੀਆ ਵਿਚ ਹੁਣ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਵਿਆਹ ਨਹੀਂ ਕਰ ਸਕੇਗਾ। ਗਵਰਨਰ ਗੈਵਿਨ ਨਿਊਸਮ ਨੇ 30 ਸਤੰਬਰ 2026 ਨੂੰ ਅਭ 1267 ਕਾਨੂੰਨ 'ਤੇ ਦਸਤਖ਼ਤ ਕਰਕੇ ਬਾਲ ਵਿਆਹ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਹੈ।

ਨਵੇਂ ਕਾਨੂੰਨ ਤਹਿਤ ਵਿਆਹ ਲਈ ਘੱਟੋ-ਘੱਟ ਉਮਰ 18 ਸਾਲ ਨਿਰਧਾਰਤ ਕੀਤੀ ਗਈ ਹੈ। ਇਸੇ ਤਰ੍ਹਾਂ ਘਰੇਲੂ ਭਾਈਵਾਲੀ ਵਿਚ ਦਾਖ਼ਲ ਹੋਣ ਲਈ ਵੀ ਉਮਰ ਘੱਟੋ-ਘੱਟ 18 ਸਾਲ ਹੋਣੀ ਲਾਜ਼ਮੀ ਹੋਵੇਗੀ। ਹੁਣ ਮਾਪਿਆਂ ਦੀ ਮਨਜ਼ੂਰੀ ਨਾਲ ਵੀ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਦਾ ਵਿਆਹ ਨਹੀਂ ਹੋ ਸਕੇਗਾ।

ਇਹ ਬਿੱਲ ਸਾਂਤਾ ਕਰੂਜ਼ ਤੋਂ ਡੈਮੋਕ੍ਰੈਟਿਕ ਅਸੈਂਬਲੀ ਮੈਂਬਰ ਗੇਲ ਪੈਲਰਿਨ ਵੱਲੋਂ ਪੇਸ਼ ਕੀਤਾ ਗਿਆ ਸੀ। ਕਾਨੂੰਨ 'ਤੇ ਦਸਤਖ਼ਤ ਸਮੇਂ ਬਾਲ ਵਿਆਹ ਵਿਰੁੱਧ ਆਵਾਜ਼ ਉਠਾਉਣ ਵਾਲੀ ਕੋਰਟਨੀ ਸਟੋਡਨ ਵੀ ਮੌਜੂਦ ਸੀ। ਸਟੋਡਨ ਦਾ ਵਿਆਹ 16 ਸਾਲ ਦੀ ਉਮਰ ਵਿਚ 50 ਸਾਲਾ ਅਦਾਕਾਰ ਡਗ ਹਚਿਸਨ ਨਾਲ ਮਾਪਿਆਂ ਦੀ ਮਨਜ਼ੂਰੀ ਨਾਲ ਹੋਇਆ ਸੀ। ਬਾਅਦ ਵਿਚ ਉਸ ਨੇ ਇਸ ਤਜ਼ਰਬੇ ਨੂੰ ਦਬਾਅ ਅਤੇ ਸ਼ੋਸ਼ਣ ਨਾਲ ਜੋੜਿਆ ਅਤੇ ਬਾਲ ਵਿਆਹ ਵਿਰੁੱਧ ਮੁਹਿੰਮ ਸ਼ੁਰੂ ਕੀਤੀ।ਗਵਰਨਰ ਨਿਊਸਮ ਨੇ ਕਿਹਾ ਕਿ ਇਹ ਕਾਨੂੰਨ ਨੌਜਵਾਨਾਂ ਦੀ ਸੁਰੱਖਿਆ ਲਈ ਲੰਮੇ ਸਮੇਂ ਤੋਂ ਲੋੜੀਂਦਾ ਕਦਮ ਸੀ। ਬਿੱਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕਈ ਮਾਮਲਿਆਂ ਵਿਚ ਮਾਪਿਆਂ ਦੀ ਮਨਜ਼ੂਰੀ ਜਾਂ ਬੱਚੇ ਦੀ ਸਹਿਮਤੀ ਦਿਖਾਈ ਤਾਂ ਦਿੰਦੀ ਹੈ, ਪਰ ਇਸ ਦੇ ਪਿੱਛੇ ਦਬਾਅ ਜਾਂ ਮਜਬੂਰੀ ਵੀ ਹੋ ਸਕਦੀ ਹੈ।

ਇਸ ਕਾਨੂੰਨ ਨਾਲ ਕੈਲੀਫੋਰਨੀਆ ਵੀ ਉਨ੍ਹਾਂ ਅਮਰੀਕੀ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ, ਜਿੱਥੇ 18 ਸਾਲ ਤੋਂ ਘੱਟ ਉਮਰ ਦੇ ਵਿਆਹ ਲਈ ਕੋਈ ਛੂਟ ਨਹੀਂ ਰਹੀ।ਨਵੇਂ ਕਾਨੂੰਨ ਦਾ ਸਭ ਤੋਂ ਵੱਡਾ ਅਸਰ ਇਹ ਹੋਵੇਗਾ ਕਿ ਹੁਣ ਕੈਲੀਫੋਰਨੀਆ ਵਿਚ ਵਿਆਹ ਲਈ ਮਾਪਿਆਂ ਦੀ ਮਨਜ਼ੂਰੀ ਵੀ 18 ਸਾਲ ਤੋਂ ਘੱਟ ਉਮਰ ਦੀ ਸ਼ਰਤ ਨੂੰ ਬਦਲ ਨਹੀਂ ਸਕੇਗੀ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special

Ask For Detail

WE ALSO DO : * NOTARY * VISA * PASSPORT * TRANSLATION

PHONE : 253-852-1984, 253-852-1985

24 HOUR EMERGENCY SERVICE 206-370-9480

TOLL FREE : 1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਅਮਰੀਕਾ ਦੇ ਕਈ ਰਾਜਾਂ 'ਚ ਡਾਕ ਰਾਹੀਂ ਵੋਟਿੰਗ ਸ਼ੁਰੂ:3 ਨਵੰਬਰ ਨੂੰ ਪੈਣਗੀਆਂ ਵੋਟਾਂ

ਵਾਸ਼ਿੰਗਟਨ- ਅਮਰੀਕਾ ਵਿਚ 3 ਨਵੰਬਰ 2026, ਮੰਗਲਵਾਰ ਨੂੰ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਕਈ ਰਾਜਾਂ ਵਿਚ ਡਾਕ ਰਾਹੀਂ ਵੋਟ ਪਾਉਣ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਵੋਟਰ ਘਰ ਬੈਠੇ ਆਪਣੀ ਪਸੰਦ ਦੇ ਉਮੀਦਵਾਰਾਂ ਨੂੰ ਵੋਟ ਦੇ ਕੇ ਚੋਣ ਦਫ਼ਤਰ ਨੂੰ ਵੋਟ ਪਰਚੀ ਵਾਪਸ ਭੇਜ ਸਕਦੇ ਹਨ।

ਡਾਕ ਰਾਹੀਂ ਵੋਟਿੰਗ ਸ਼ੁਰੂ ਹੋਏ ਰਾਜਾਂ ਵਿਚ ਨੌਰਥ ਕੈਰੋਲੀਨਾ, ਵਿਸਕਾਨਸਿਨ, ਮਿਨੀਸੋਟਾ, ਸਾਊਥ ਡਕੋਟਾ, ਨਿਊਯਾਰਕ, ਨਿਊਜਰਸੀ, ਮਿਸ਼ੀਗਨ, ਇਲੀਨੋਇਸ, ਫਲੋਰਿਡਾ, ਕੈਲੀਫੋਰਨੀਆ ਅਤੇ ਜਾਰਜੀਆ ਸ਼ਾਮਲ ਹਨ। ਓਹਾਇਓ ਵਿਚ ਇਹ ਅਮਲ 6 ਅਕਤੂਬਰ ਤੋਂ ਸ਼ੁਰੂ ਹੋਇਆ ਹੈ। ਇਹ ਪੂਰੇ ਦੇਸ਼ ਦੀ ਸੂਚੀ ਨਹੀਂ ਹੈ; ਹੋਰ ਰਾਜਾਂ ਅਤੇ ਕਾਊਂਟੀਆਂ ਵਿਚ ਵੀ ਆਪਣੇ ਚੋਣ ਸਮੇਂ ਅਨੁਸਾਰ ਪਰਚੀਆਂ ਭੇਜੀਆਂ ਜਾ ਰਹੀਆਂ ਹਨ।

ਨੌਰਥ ਕੈਰੋਲੀਨਾ ਵਿਚ 4 ਸਤੰਬਰ ਤੋਂ, ਮਿਨੀਸੋਟਾ ਅਤੇ ਸਾਊਥ ਡਕੋਟਾ ਵਿਚ 18 ਸਤੰਬਰ ਤੋਂ ਅਤੇ ਨਿਊਜਰਸੀ ਵਿਚ 19 ਸਤੰਬਰ ਤੋਂ ਪਰਚੀਆਂ ਭੇਜਣ ਦਾ ਅਮਲ ਸ਼ੁਰੂ ਹੋਇਆ। ਮਿਸ਼ੀਗਨ ਅਤੇ ਇਲੀਨੋਇਸ ਵਿਚ 24 ਸਤੰਬਰ ਤੋਂ ਇਹ ਸਹੂਲਤ ਉਪਲਬਧ ਹੋਈ। ਫਲੋਰੀਡਾ ਵਿਚ ਪਹਿਲਾਂ ਅਰਜ਼ੀ ਦੇ ਚੁੱਕੇ ਦੇਸ਼ ਅੰਦਰਲੇ ਵੋਟਰਾਂ ਲਈ ਪਰਚੀਆਂ ਭੇਜਣ ਦਾ ਸਮਾਂ 24 ਸਤੰਬਰ ਤੋਂ ਪਹਿਲੀ ਅਕਤੂਬਰ ਸੀ।

ਕੈਲੀਫੋਰਨੀਆ ਵਿਚ 5 ਅਕਤੂਬਰ ਤੱਕ ਸਾਰੇ ਰਜਿਸਟਰਡ ਵੋਟਰਾਂ ਨੂੰ ਪਰਚੀਆਂ ਭੇਜਣ ਦੀ ਸ਼ੁਰੂਆਤ ਕਰਨੀ ਲਾਜ਼ਮੀ ਸੀ। ਜਾਰਜੀਆ ਵਿਚ ਵੀ 5 ਅਕਤੂਬਰ ਤੋਂ ਅਰਜ਼ੀ ਦੇਣ ਵਾਲੇ ਯੋਗ ਵੋਟਰਾਂ ਨੂੰ ਪਰਚੀਆਂ ਭੇਜਣੀਆਂ ਸ਼ੁਰੂ ਹੋਈਆਂ।

ਇਸ ਪ੍ਰਣਾਲੀ ਵਿਚ ਹਰ ਰਾਜ ਦੇ ਨਿਯਮ ਵੱਖਰੇ ਹਨ। ਕੈਲੀਫੋਰਨੀਆ ਵਿਚ ਪਰਚੀ ਆਪਣੇ ਆਪ ਭੇਜੀ ਜਾਂਦੀ ਹੈ, ਜਦਕਿ ਕਈ ਹੋਰ ਰਾਜਾਂ ਵਿਚ ਪਹਿਲਾਂ ਅਰਜ਼ੀ ਦੇਣੀ ਪੈਂਦੀ ਹੈ। ਵੋਟਰ ਪਰਚੀ ਉੱਤੇ ਆਪਣੀ ਚੋਣ ਦਰਜ ਕਰਕੇ ਦਿੱਤੀਆਂ ਹਦਾਇਤਾਂ ਅਨੁਸਾਰ ਲਿਫ਼ਾਫ਼ਾ ਭਰਦੇ ਅਤੇ ਦਸਤਖ਼ਤ ਕਰਦੇ ਹਨ। ਫਿਰ ਇਸ ਨੂੰ ਡਾਕ, ਮਨਜ਼ੂਰਸ਼ੁਦਾ ਵੋਟ ਪੇਟੀ ਜਾਂ ਚੋਣ ਦਫ਼ਤਰ ਰਾਹੀਂ ਵਾਪਸ ਕੀਤਾ ਜਾ ਸਕਦਾ ਹੈ। ਜਿੱਥੇ ਲੋੜ ਹੋਵੇ, ਗਵਾਹ ਦੀ ਜਾਣਕਾਰੀ ਵੀ ਭਰਨੀ ਪੈਂਦੀ ਹੈ।








# ਲੱਖਾਂ ਡਾਲਰ ਅਦਾਲਤੀ ਲੜਾਈ 'ਚ ਖਰਚਣ ਮਗਰੋਂ ਬਾਲਟੀਮੋਰ ਗੁਰਦੁਆਰੇ ਦੇ ਦੋਵੇਂ ਧੜੇ ਇਕੱਠੇ

ਬਾਲਟੀਮੋਰ (ਮੈਰੀਲੈਂਡ), (ਬਲਵਿੰਦਰ ਬਾਲਮ)- ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਨਾਲ ਜੁੜੇ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਨੂੰ ਖਤਮ ਕਰਨ ਵੱਲ ਉਸ ਸਮੇਂ ਅਹਿਮ ਕਦਮ ਦੇਖਣ ਨੂੰ ਮਿਲਿਆ, ਜਦੋਂ ਦੋਵੇਂ ਧੜੇ ਇਕੱਠੇ ਹੋ ਕੇ ਗੁਰੂ ਘਰ ਦੀ ਏਕਤਾ ਅਤੇ ਭਵਿੱਖ ਦੇ ਪ੍ਰਬੰਧ ਬਾਰੇ ਗੱਲਬਾਤ ਲਈ ਸਾਹਮਣੇ ਆਏ।

ਜਾਣਕਾਰੀ ਅਨੁਸਾਰ, ਦੋਵੇਂ ਧਿਰਾਂ ਵਿਚਕਾਰ ਚੱਲੇ ਵਿਵਾਦ ਅਤੇ ਅਦਾਲਤੀ ਕਾਰਵਾਈ ਦੌਰਾਨ ਲੱਖਾਂ ਡਾਲਰ ਕਾਨੂੰਨੀ ਮਾਮਲਿਆਂ 'ਤੇ ਖਰਚ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਹੁਣ ਦੋਵੇਂ ਪੱਖਾਂ ਵੱਲੋਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਗਈ ਹੈ ਕਿ ਭਵਿੱਖ ਵਿਚ ਗੁਰੂ ਘਰ ਨਾਲ ਸਬੰਧਤ ਮਸਲਿਆਂ ਨੂੰ ਅਦਾਲਤਾਂ ਵਿਚ ਲਿਜਾਣ ਦੀ ਬਜਾਏ ਮਿਲ ਬੈਠ ਕੇ, ਗੱਲਬਾਤ ਅਤੇ ਆਪਸੀ ਸਹਿਮਤੀ ਨਾਲ ਹੱਲ ਕਰਨ ਨੂੰ ਤਰਜੀਹ ਦਿੱਤੀ ਜਾਵੇ।

ਇਸ ਮੌਕੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ 'ਤੇ ਪਹਿਰਾ ਦੇਣ ਅਤੇ ਗੁਰੂ ਘਰ ਦੇ ਪ੍ਰਬੰਧ ਨੂੰ ਸਿੱਖ ਸਿਧਾਂਤਾਂ, ਮਰਿਆਦਾ ਅਤੇ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਚਲਾਉਣ ਦੀ ਗੱਲ ਵੀ ਉੱਭਰੀ ਹੈ।

ਵਿਵਾਦ ਨੇ ਗੁਰਦੁਆਰਾ ਪ੍ਰਬੰਧ ਵਿਚ ਅਹੁਦਿਆਂ ਦੀ ਭੂਮਿਕਾ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਸੰਗਤ ਵਿਚ ਇਹ ਚਰਚਾ ਹੈ ਕਿ ਗੁਰੂ ਘਰ ਦੀ ਸੇਵਾ ਨਾਲ ਮਿਲਣ ਵਾਲੇ ਅਹੁਦੇ ਸਿਰਫ਼ ਅਹੁਦਿਆਂ ਤੱਕ ਸੀਮਤ ਨਹੀਂ ਹੋਣੇ ਚਾਹੀਦੇ, ਸਗੋਂ ਉਨ੍ਹਾਂ ਨਾਲ ਜਵਾਬਦੇਹੀ ਵੀ ਜੁੜੀ ਹੋਣੀ ਚਾਹੀਦੀ ਹੈ।

ਸੰਗਤ ਦਾ ਮੰਨਣਾ ਹੈ ਕਿ ਗੁਰੂ ਘਰ ਕਿਸੇ ਵਿਅਕਤੀ ਜਾਂ ਧੜੇ ਦੀ ਨਿੱਜੀ ਜਾਇਦਾਦ ਨਹੀਂ, ਸਗੋਂ ਸੰਗਤ ਦੀ ਸਾਂਝੀ ਧਾਰਮਿਕ ਸੰਸਥਾ ਹੈ। ਇਸ ਲਈ ਇਸ ਦੇ ਫੈਸਲਿਆਂ ਵਿਚ ਪਾਰਦਰਸ਼ਤਾ, ਸੇਵਾ-ਭਾਵਨਾ ਅਤੇ ਸੰਗਤ ਦੀ ਭੂਮਿਕਾ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

ਪਿਛਲੇ ਘਟਨਾਕ੍ਰਮ ਦੌਰਾਨ ਸੰਗਤ ਦੀ ਭੂਮਿਕਾ ਵੀ ਚਰਚਾ ਦਾ ਵਿਸ਼ਾ ਬਣੀ ਰਹੀ। ਸਵਾਲ ਉੱਠਦਾ ਹੈ ਕਿ ਜੇ ਗੁਰੂ ਘਰ ਦੇ ਮਸਲਿਆਂ ਵਿਚ ਸੰਗਤ ਹੀ ਆਪਣੀ ਆਵਾਜ਼ ਨਾ ਉਠਾਏ, ਤਾਂ ਫਿਰ ਜਵਾਬਦੇਹੀ ਕਿਸ ਕੋਲੋਂ ਮੰਗੀ ਜਾਵੇ?

ਹੁਣ ਦੋਵੇਂ ਧਿਰਾਂ ਦੇ ਇਕੱਠੇ ਹੋਣ ਤੋਂ ਬਾਅਦ ਸੰਗਤ ਦੀ ਨਜ਼ਰ ਇਸ ਗੱਲ 'ਤੇ ਹੈ ਕਿ ਇਹ ਏਕਤਾ ਸਿਰਫ਼ ਐਲਾਨ ਤੱਕ ਸੀਮਤ ਰਹਿੰਦੀ ਹੈ ਜਾਂ ਇਸ ਨੂੰ ਅਮਲੀ ਰੂਪ ਵੀ ਦਿੱਤਾ ਜਾਂਦਾ ਹੈ।

ਗੁਰੂ ਘਰ ਦੀ ਇੱਜ਼ਤ, ਮਰਿਆਦਾ ਅਤੇ ਸੰਗਤ ਦੀ ਏਕਤਾ ਨੂੰ ਸਭ ਤੋਂ ਉੱਪਰ ਰੱਖਦਿਆਂ ਹੁਣ ਸਮਾਂ ਹੈ ਕਿ ਪੁਰਾਣੇ ਵਿਵਾਦਾਂ ਨੂੰ ਪਿੱਛੇ ਛੱਡ ਕੇ ਅੱਗੇ ਵਧਿਆ ਜਾਵੇ। ਪਰ ਇਸ ਦੇ ਨਾਲ ਹੀ ਗੁਰੂ ਘਰ ਦੇ ਹੋਏ ਨੁਕਸਾਨ, ਖਰਚੇ ਅਤੇ ਪਿਛਲੇ ਫੈਸਲਿਆਂ ਦੀ ਜਵਾਬਦੇਹੀ ਵੀ ਸਪੱਸ਼ਟ ਹੋਣੀ ਚਾਹੀਦੀ ਹੈ।

# ਵਿਦੇਸ਼ੀ ਵਿਦਿਆਰਥੀਆਂ ਲਈ ਚਾਰ ਸਾਲ ਵਾਲਾ ਨਿਯਮ ਫਿਲਹਾਲ ਲਾਗੂ ਨਹੀਂ

ਵਾਸ਼ਿੰਗਟਨ, 7 ਅਕਤੂਬਰ (ਪੰਜਾਬ ਮੇਲ)- ਅਮਰੀਕਾ ਵਿਚ ਪੜ੍ਹਾਈ ਕਰਨ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਲੈ ਕੇ ਇੱਕ ਮਹੱਤਵਪੂਰਨ ਰਿਪੋਰਟ ਸਾਹਮਣੇ ਆਈ ਹੈ। ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਅਮਰੀਕਾ ਵਿਚ ਰਹਿਣ ਦੇ ਸਮੇਂ ਨੂੰ ਵੱਧ ਤੋਂ ਵੱਧ ਚਾਰ ਸਾਲ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੇ ਕਿਸੇ ਦੀ ਪੜ੍ਹਾਈ ਚਾਰ ਸਾਲ ਤੋਂ ਵੱਧ ਚੱਲਦੀ, ਤਾਂ ਉਸਨੂੰ ਹੋਰ ਸਮਾਂ ਲੈਣ ਲਈ ਵੱਖਰੀ ਮਨਜ਼ੂਰੀ ਮੰਗਣੀ ਪੈਣੀ ਸੀ।

ਪਰ ਵਿਦਿਆਰਥੀਆਂ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਇਹ ਚਾਰ ਸਾਲ ਵਾਲਾ ਨਿਯਮ ਇਸ ਵੇਲੇ ਲਾਗੂ ਨਹੀਂ ਹੈ। ਇੱਕ ਸੰਘੀ ਜੱਜ ਨੇ ਸਤੰਬਰ ਵਿਚ ਇਸਨੂੰ ਲਾਗੂ ਹੋਣ ਤੋਂ ਇੱਕ ਦਿਨ ਪਹਿਲਾਂ ਰੋਕ ਦਿੱਤਾ ਸੀ। ਇਸ ਲਈ ਵਿਦਿਆਰਥੀਆਂ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਹਰ ਵਿਦੇਸ਼ੀ ਵਿਦਿਆਰਥੀ ਨੂੰ ਹੁਣ ਚਾਰ ਸਾਲ ਪੂਰੇ ਹੁੰਦੇ ਹੀ ਅਮਰੀਕਾ ਛੱਡਣਾ ਪਵੇਗਾ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਨਿਯਮਾਂ ਵਿਚ ਹੋ ਰਹੀਆਂ ਤਬਦੀਲੀਆਂ ਅਤੇ ਵੀਜ਼ਿਆਂ ਬਾਰੇ ਅਨਿਸ਼ਚਿਤਤਾ ਕਾਰਨ ਕੁਝ ਵਿਦੇਸ਼ੀ ਵਿਦਿਆਰਥੀ ਅਮਰੀਕਾ ਵਿਚ ਪੜ੍ਹਾਈ ਕਰਨ ਬਾਰੇ ਦੁਬਾਰਾ ਸੋਚ ਰਹੇ ਹਨ। ਪੈਨਸਿਲਵੇਨੀਆ ਯੂਨੀਵਰਸਿਟੀ ਨੇ ਅਦਾਲਤ ਵਿਚ ਦਿੱਤੀ ਜਾਣਕਾਰੀ ਵਿਚ ਕਿਹਾ ਕਿ ਕੁਝ ਵਿਦਿਆਰਥੀਆਂ ਨੇ ਵੀਜ਼ੇ ਅਤੇ ਯਾਤਰਾ ਨਾਲ ਜੁੜੀਆਂ ਚਿੰਤਾਵਾਂ ਕਾਰਨ ਦਾਖ਼ਲਾ ਲੈਣ ਦਾ ਫ਼ੈਸਲਾ ਬਦਲਿਆ।

ਪੈਨਸਿਲਵੇਨੀਆ ਵਿਚ ਵਿਦੇਸ਼ੀ ਵਿਦਿਆਰਥੀ ਹਰ ਸਾਲ ਦੋ ਅਰਬ ਡਾਲਰ ਤੋਂ ਵੱਧ ਦਾ ਆਰਥਿਕ ਯੋਗਦਾਨ ਪਾਉਂਦੇ ਹਨ ਅਤੇ ਹਜ਼ਾਰਾਂ ਨੌਕਰੀਆਂ ਨਾਲ ਜੁੜੇ ਹੋਏ ਹਨ।

ਫਿਲਹਾਲ ਵਿਦਿਆਰਥੀਆਂ ਨੂੰ ਆਪਣੇ ਮੌਜੂਦਾ ਕਾਨੂੰਨੀ ਦਰਜੇ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਨਵੀਂ ਤਬਦੀਲੀ ਲਈ ਸਰਕਾਰੀ ਜਾਣਕਾਰੀ ਹੀ ਦੇਖਣੀ ਚਾਹੀਦੀ ਹੈ।

17 SECTOR
Fashion & Fabrics
• ਨਵੇਂ ਜਨਮੇ ਬੱਚਿਆਂ (ਕੁੜੀਆਂ ਤੇ ਮੁੰਡੇ) ਦੇ ਕੱਪੜਿਆਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ। ਇਹਨਾਂ ਤੇ ਭਾਰੀ ਸੇਲ ਲੱਗੀ ਹੈ।
• ਗਰਮ ਕੋਟ ਪੈਂਟ ਦਾ ਕੱਪੜਾ ਵੀ ਆ ਚੁੱਕਾ ਹੈ
• ਮੈਨਜ਼ ਕੁਰਤੇ ਪਜਾਮੇ, ਜੈਕਟਾਂ ਤੇ ਭਾਰੀ ਸੇਲ
• ਲੇਡੀਜ਼ ਵਾਸਤੇ ਕਸਟਮ ਸਟਿਚਡ ਸੂਟ ਸੇਲ ਤੇ
• ਕੋਈ ਵੀ ਸਮਾਨ ਦੀ ਖਰੀਦਦਾਰੀ ਤੇ ਛੋਟੇ ਬੱਚਿਆਂ ਵਾਸਤੇ ਫਰੀ ਰੁਮਾਲ ਜਾਂ ਪਟਕੇ
• ਛੋਟੀਆਂ ਕੁੜੀਆਂ ਦੇ ਨਵੇਂ ਸਟਾਇਲ ਦੇ ਸੂਟ ਪਹੁੰਚ ਗਏ ਹਨ
Special Sale
ਸਪੈਸ਼ਲ ਸੇਲ
Mens Printed Vests
1 for $50 & 3 For $100
Unstiched ਲੇਡੀਜ ਸੂਟਾਂ ਤੇ ਭਾਰੀ ਸੇਲ
ਲੇਡੀਜ ਨਾਇਰਾ ਕੱਟ ਸੂਟ ਇਕ ਲਉ ਇਕ FREE
Mens & Boys ਕੁੜਤਾ ਪਜਾਮਾ 10% ਤੋਂ 30% Off Limited Stock
ਲਹਿੰਗੇ $75 ਤੋਂ ਸ਼ੁਰੂ
ਕੁੜੀਆਂ ਦੇ ਫੈਂਸੀ ਸੂਟਾਂ ਦੀ ਭਾਰੀ ਸ਼ਿਪਮੈਂਟ ਪਹੁੰਚ ਚੁੱਕੀ ਹੈ

ਅਸੀਂ ਹਰ ਤਰਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਆਲਟਰੇਸ਼ਨ ਕਰਦੇ ਹਾਂ
(We Have All Sizes From New Born To Size 56)
Large Discounts On Artificial Jewellery
#186-8138 128 St, Surrey, BC
Ph:604.594.1788

Member FDIC EQUAL HOUSING LENDER SBA Preferred Lender

A Top 1% SBA Lender in the Nation*
We measure success by growing your business.
Bank of Hope SBA Loans**
Fast decisions
Low down payments
No balloon payments
Closing cost financing available
Long term financing
Bank of Hope Commercial Lending
Commercial loans for retail strip centers and apartments
Commercial real estate loans & lines of credit
Term loans up to 7-year at fixed or variable rates
Speak to a SBA specialist today.
Brian Kang Business Banking / SVP & PNW Business Banking Regional Director
Seattle Office (425) 921-1098 Portland Office (971) 801-6275
Scan for more Info
Bank of Hope®
*Source: 7(a) and 504 Lender Report; National lender ranking as of 3/31/26.
**All terms and conditions are subject to underwriting and credit approval.

# ਫਰੀਮੌਂਟ ਵਿੱਚ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ

## ਪੰਜਾਬੀ ਭਾਸ਼ਾ, ਸਾਹਿਤ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਬਾਰੇ ਹੋਇਆ ਗੰਭੀਰ ਸੰਵਾਦ



ਫਰੀਮੌਂਟ(ਹਰਦਮ ਮਾਨ)-ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਵੱਲੋਂ ਬੀਤੇ ਐਤਵਾਰ ਫਰੀਮੌਂਟ ਵਿਖੇ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ ਬੜੇ ਉਤਸ਼ਾਹ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਕਰਵਾਈ ਗਈ। ਕਾਨਫਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਤੋਂ ਨਾਮਵਰ ਵਿਦਵਾਨਾਂ, ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮੁੱਚੀ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਰਤਮਾਨ, ਸਾਹਿਤ ਦੇ ਸਰੋਕਾਰਾਂ ਅਤੇ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੀਆਂ ਚੁਣੌਤੀਆਂ ਬਾਰੇ ਗੰਭੀਰ ਅਤੇ ਸਾਰਥਕ ਵਿਚਾਰ-ਵਟਾਂਦਰਾ ਹੋਇਆ।

ਕਾਨਫਰੰਸ ਦੀ ਸ਼ੁਰੂਆਤ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਤਮਾਮ ਮਹਿਮਾਨਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਹਿੰਦਿਆਂ ਅਕੈਡਮੀ ਦੇ ਮਕਸਦ ਅਤੇ ਸਰਗਰਮੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਉਪਰੰਤ ਅਕੈਡਮੀ ਵੱਲੋਂ ਸਾਲ 2025 ਅਤੇ 2026 ਦੌਰਾਨ ਕੀਤੀਆਂ ਗਈਆਂ ਵਰਨਣਯੋਗ ਸਾਹਿਤਕ ਸਰਗਰਮੀਆਂ ’ਤੇ ਆਧਾਰਿਤ ਇੱਕ ਵਿਸ਼ੇਸ਼ ਡਾਕੂਮੈਂਟਰੀ ਪ੍ਰਦਰਸ਼ਿਤ ਕੀਤੀ ਗਈ।

ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗ਼ਜ਼ਲਾਂ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਕਾਨਫਰੰਸ ਦਾ ਆਗਾਜ਼ ਕੀਤਾ। ਇਸ ਤੋਂ ਬਾਅਦ ਚਾਰਲਸ ਲਿਓਡ ਨੇ ਸਿਤਾਰ ਵਾਦਨ ਰਾਹੀਂ ਸਰੋਤਿਆਂ ਨੂੰ ਸੰਗੀਤਕ ਰਸ ਨਾਲ ਜੋੜਿਆ। ਸੁਖਦੇਵ ਸਾਹਿਲ ਦਾ ਅਕੈਡਮੀ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਕਾਨਫਰੰਸ ਨੂੰ ਚਾਰ ਮਹੱਤਵਪੂਰਨ ਸੈਸ਼ਨਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿੱਚ ਲਿਆਂਦਾ।ਪਹਿਲਾ ਸੈਸ਼ਨ ‘ਪੰਜਾਬ, ਭਾਰਤ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਚੁਣੌਤੀਆਂ’ ਵਿਸ਼ੇ ’ਤੇ ਕੇਂਦਰਿਤ ਸੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵੀਰ ਗਿੱਲ ਸਨ ਅਤੇ ਪ੍ਰਧਾਨਗੀ ਡਾ. ਨਬੀਲਾ ਰਹਿਮਾਨ ਨੇ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮੁੱਖ ਵਕਤਾ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਖਾਸ ਤੌਰ ’ਤੇ ਦੋਵਾਂ ਪੰਜਾਬਾਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੇ ਭਾਵਨਾਤਮਕ, ਇਤਿਹਾਸਕ ਅਤੇ ਵਿਹਾਰਕ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਭਾਰਿਆ।

ਦੂਜਾ ਸੈਸ਼ਨ ‘ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਸਾਂਝੀ ਬੋਲੀ ਦਾ ਇਤਿਹਾਸ, ਚੁਣੌਤੀਆਂ ਅਤੇ ਭਵਿੱਖ’ ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਡਾ. ਰਾਜੇਸ਼ ਸ਼ਰਮਾ ਸਨ ਅਤੇ ਪ੍ਰਧਾਨਗੀ ਡਾ. ਆਤਮ ਸਿੰਘ ਰੰਧਾਵਾ ਨੇ ਕੀਤੀ। ਮੁੱਖ ਬੁਲਾਰੇ ਡਾ. ਨਬੀਲਾ ਰਹਿਮਾਨ ਨੇ ਪੰਜਾਬੀ ਭਾਸ਼ਾ ਦੇ ਸਾਂਝੇ ਇਤਿਹਾਸ, ਦੋਵਾਂ ਪੰਜਾਬਾਂ ਵਿੱਚ ਇਸ ਦੀ ਸਥਿਤੀ ਅਤੇ ਮੌਜੂਦਾ ਚੁਣੌਤੀਆਂ ਬਾਰੇ ਵਿਸਥਾਰ ਨਾਲ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਗ਼ਜ਼ਲ ਦੇ ਵਿਕਾਸ ਅਤੇ ਇਸ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ। ਇਸ ਸੈਸ਼ਨ ਨੇ ਵੰਡ ਦੇ ਬਾਵਜੂਦ ਪੰਜਾਬੀ ਭਾਸ਼ਾ ਦੀ ਸਾਂਝੀ ਵਿਰਾਸਤ ਅਤੇ ਸਾਹਿਤਕ ਰਿਸ਼ਤਿਆਂ ਨੂੰ ਨਵੇਂ ਸੰਦਰਭ ਵਿੱਚ ਸਮਝਣ ਦਾ ਮੌਕਾ ਦਿੱਤਾ।

ਤੀਜਾ ਸੈਸ਼ਨ ‘ਸਾਹਿਤ ਅਤੇ ਸਾਹਿਤਕਾਰ’ ਵਿਸ਼ੇ ’ਤੇ ਹੋਇਆ। ਪ੍ਰਸਿੱਧ ਸ਼ਾਇਰ ਜਸਵਿੰਦਰ ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ, ਜਦਕਿ ਪ੍ਰਧਾਨਗੀ ਡਾ. ਗੁਰਪ੍ਰੀਤ ਧੁੱਗਾ ਨੇ ਕੀਤੀ। ਮੁੱਖ ਬੁਲਾਰੇ ਡਾ. ਰਾਜੇਸ਼ ਸ਼ਰਮਾ ਨੇ ਸਾਹਿਤ ਦੀ ਪਰਿਭਾਸ਼ਾ, ਸਾਹਿਤਕਾਰ ਦੀ ਭੂਮਿਕਾ ਅਤੇ ਸਾਹਿਤ ਦੇ ਸਮਾਜ ਨਾਲ ਰਿਸ਼ਤੇ ਸਮੇਤ ਕਈ ਅਹਿਮ ਪੱਖਾਂ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸੈਸ਼ਨ ਵਿੱਚ ਸਾਹਿਤ ਨੂੰ ਕੇਵਲ ਮਨੋਰੰਜਨ ਜਾਂ ਸ਼ਬਦਾਂ ਦੀ ਕਲਾਤਮਕ ਬਣਤਰ ਦੀ ਬਜਾਏ ਸਮਾਜਿਕ ਚੇਤਨਾ, ਮਨੁੱਖੀ ਸੰਵੇਦਨਾ ਅਤੇ ਸਮੇਂ ਦੀ ਗਵਾਹੀ ਵਜੋਂ ਵੇਖਣ ’ਤੇ ਜ਼ੋਰ ਦਿੱਤਾ ਗਿਆ।

ਚੌਥਾ ਸੈਸ਼ਨ ‘ਨਵੀਂ ਪੀੜ੍ਹੀ ਅਤੇ ਅਮਰੀਕਾ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਸਾਰ ਅਤੇ ਸਿੱਖਿਆ’ ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਬਲਵਿੰਦਰ ਲਾਲੀ ਧਨੋਆ ਸਨ ਅਤੇ ਪ੍ਰਧਾਨਗੀ ਡਾ. ਪਿਆਰਾ ਸਿੰਘ ਕੁੱਦੋਵਾਲ ਨੇ ਕੀਤੀ। ਇਸ ਸੈਸ਼ਨ ਦੀ ਵਿਸ਼ੇਸ਼ਤਾ ਇਹ ਰਹੀ ਕਿ ਨਵੀਂ ਪੀੜ੍ਹੀ ਨਾਲ ਸਬੰਧਤ ਕੁਝ ਬੱਚਿਆਂ ਨੇ ਖ਼ੁਦ ਪੰਜਾਬੀ ਭਾਸ਼ਾ ਸਿੱਖਣ ਦੇ ਆਪਣੇ ਤਜਰਬੇ ਅਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੀਆਂ ਗੱਲਾਂ ਨੇ ਇਹ ਅਹਿਸਾਸ ਕਰਵਾਇਆ ਕਿ ਵਿਦੇਸ਼ੀ ਧਰਤੀ ’ਤੇ ਪੰਜਾਬੀ ਦੀ ਅਗਲੀ ਪੀੜ੍ਹੀ ਨਾਲ ਸਾਂਝ ਬਣਾਉਣ ਲਈ ਪਰਿਵਾਰ, ਸਕੂਲ ਅਤੇ ਸਾਹਿਤਕ ਸੰਸਥਾਵਾਂ ਦੀ ਭੂਮਿਕਾ ਕਿੰਨੀ ਮਹੱਤਵਪੂਰਨ ਹੈ। ਇਨ੍ਹਾਂ ਸਾਰੇ ਸੈਸ਼ਨਾਂ ਦੌਰਾਨ ਡਾ. ਮੋਨੋਜੀਤ ਸਿੰਘ ਜੰਮੂ, ਡਾ. ਪ੍ਰਿਥੀਪਾਲ ਸਿੰਘ ਸੋਹੀ, ਡਾ. ਸੁਖਵਿੰਦਰ ਕੰਬੋਜ, ਭੁਪਿੰਦਰ ਮੱਲੀ, ਸੁਰਿੰਦਰ ਸੀਰਤ ਅਤੇ ਡਾ. ਬਲਜਿੰਦਰ ਸਵੈਚ ਨੇ ਵੀ ਵੱਖ-ਵੱਖ ਵਿਸ਼ਿਆਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ, ਇਸ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ, ਸਾਹਿਤ ਦੀ ਸਮਾਜਿਕ ਭੂਮਿਕਾ ਅਤੇ ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੇ ਤਰੀਕਿਆਂ ਬਾਰੇ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕੀਤੇ।

ਕਾਨਫਰੰਸ ਦਾ ਅੰਤਿਮ ਪੜਾਅ ਸ਼ਾਇਰੀ ਦੇ ਰੰਗਾਂ ਨਾਲ ਸਰਸ਼ਾਰ ਸੀ। ਇੱਕ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਜਸਵਿੰਦਰ ਨੇ ਕੀਤੀ ਅਤੇ ਪਾਕਿਸਤਾਨ ਦੀ ਨਾਮਵਰ ਸ਼ਾਇਰਾ ਤਾਹਿਰਾ ਸਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੁਕੇਸ਼ ਸ਼ਰਮਾ, ਗੁਰਪ੍ਰੀਤ ਸੋਹਲ (ਸਿਆਟਲ), ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ (ਇੰਗਲੈਂਡ), ਸੰਤੋਖ ਮਿਨਹਾਸ, ਅਮਰਜੀਤ ਸਿੰਘ ਜੌਹਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਹਰਿੰਦਰ ਕੌਰ ਸੋਹੀ, ਪਿਆਰਾ ਸਿੰਘ ਕੁੱਦੋਵਾਲ, ਬਲਦੇਵ ਬਾਵਾ, ਡਾ ਬਿਕਰਮ ਸੋਹੀ, ਹਰਪ੍ਰੀਤ ਕੌਰ ਧੂਤ, ਕੁਲਵੰਤ ਸੇਖੋਂ, ਮਨਦੀਪ ਗੋਰਾ, ਦਿਲ ਨਿੱਜਰ, ਹਰਜੀਤ ਹਠੂਰ, ਗਗਨਦੀਪ ਮਾਹਲ, ਅੰਜੂ ਮੀਰਾ, ਹਰਜਿੰਦਰ ਮੱਟੂ, ਰਾਜਵੰਤ ਰਾਜ, ਹਰਜਿੰਦਰ ਕੰਗ, ਡਾ ਅੰਬਰੀਸ਼, ਸੁਰਜੀਤ ਸਖੀ, ਹਰਦਮ ਮਾਨ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਜਸਵੀਰ ਗਿੱਲ, ਤਾਹਿਰਾ ਸਰਾ ਅਤੇ ਸ਼ਾਇਰ ਜਸਵਿੰਦਰ ਨੇ ਆਪਣੀਆਂ ਗ਼ਜ਼ਲਾਂ, ਨਜ਼ਮਾਂ ਅਤੇ ਗੀਤਾਂ ਨਾਲ ਬੌਧਿਕ ਮਾਹੌਲ ਵਿੱਚ ਕਾਵਿਕ ਰਸ ਘੋਲ ਦਿੱਤਾ। ਇਹਨਾਂ ਤੋ ਇਲਾਵਾ ਕਾਕਾ ਕਲੇਰ, ਸੁੱਖ ਗਿੱਲ, ਆਜ਼ੀਮ ਤੱਤਲਾ, ਗੁਲਸ਼ਨ ਦਿਆਲ, ਕਰਨੈਲ ਸਿੰਘ ਕੈਲ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂ, ਗੁਰਦੀਪ ਕਲਾਲਵਾਲਾ, ਜਸਵੰਤ ਸ਼ਾਦ, ਤਾਰਾ ਸਿੰਘ ਸਾਗਰ, ਮਨਜੀਤ ਕੌਰ ਸੇਖੋਂ, ਜੋਤ ਰਣਜੀਤ, ਹਰਜੀਤ ਹਮਸਫ਼ਰ, ਡਾ ਗੁਰਪ੍ਰੀਤ ਧੁੱਗਾ, ਸ਼ਾਇਰ ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਕਵੀ ਦਰਬਾਰ ਵਿੱਚ ਕਵੀਆਂ ਦੀ ਰਚਨਾਵਾਂ ਮਾਣੀਆਂ ਪਰ ਵਕਤ ਦੀ ਘਾਟ ਕਾਰਣ ਆਪਣਾ ਕਲਾਮ ਨਾ ਪੇਸ਼ ਕਰ ਸਕੇ। ਕਵੀ ਦਰਬਾਰ ਦੀ ਪ੍ਰਧਾਨਗੀ ਕੁਲਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਡਾ ਅੰਬਰੀਸ਼ ਅਤੇ ਹਰਦਮ ਮਾਨ ਨੇ ਕੀਤੀ।

ਇਸ ਮੌਕੇ ਨਵੇਂ ਸਾਹਿਤਕ ਹਰਫ਼ਾਂ ਨੂੰ ਜੀ ਆਇਆਂ ਕਹਿੰਦਿਆਂ ਕੁਝ ਅਹਿਮ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ ਅਤੇ ਆਏ ਹੋਏ ਵਿਦਵਾਨਾਂ ਤੇ ਸਾਹਿਤਕਾਰਾਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਕਾਨਫਰੰਸ ਦੀ ਸਫ਼ਲਤਾ ਪਿੱਛੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਨੀਲਮ ਲਾਜ ਸੈਣੀ, ਡਾ. ਹਰਿੰਦਰ ਕੌਰ ਸੋਹੀ, ਆਸ਼ਾ ਸ਼ਰਮਾ ਅਤੇ ਹਰਜਿੰਦਰ ਕੰਗ ਦਾ ਸੁਚੱਜਾ ਅਤੇ ਭਾਵਪੂਰਤ ਮੰਚ ਸੰਚਾਲਨ ਸੀ, ਜਿਨ੍ਹਾਂ ਨੇ ਪੂਰੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋਈ ਰੱਖਿਆ।

ਸਮੁੱਚੇ ਤੌਰ ’ਤੇ ਇਹ ਕਾਨਫਰੰਸ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਸ਼ਵ ਪੱਧਰੀ ਸਰੋਕਾਰਾਂ ਨੂੰ ਸਮਝਣ, ਦੋਵਾਂ ਪੰਜਾਬਾਂ ਦੀ ਸਾਂਝੀ ਭਾਸ਼ਾਈ ਵਿਰਾਸਤ ਨੂੰ ਯਾਦ ਕਰਨ ਅਤੇ ਵਿਦੇਸ਼ਾਂ ਵਿੱਚ ਪਲ ਰਹੀ ਨਵੀਂ ਪੀੜ੍ਹੀ ਨਾਲ ਪੰਜਾਬੀ ਦਾ ਰਿਸ਼ਤਾ ਹੋਰ ਮਜ਼ਬੂਤ ਕਰਨ ਵੱਲ ਇੱਕ ਸਾਰਥਕ ਉਪਰਾਲਾ ਸਾਬਤ ਹੋਈ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ

604-590-5200

J&S CABINET DOORS LTD

phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca




We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca

Ph:604-507-0561

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,

-SIJ Guardianship Cases

- Car Accidents/Personal Injury

- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,

-SIJ ਗਾਰਡੀਅਨਸ਼ਿਪ ਕੇਸ

-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ

-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

# ਮੋਦੀ ਸਰਕਾਰ ਰਾਜਨੀਤਿਕ ਲਾਭ ਲਈ ਖੁਫੀਆ ਏਜੰਸੀਆਂ, ਨਿਆਂਪਾਲਿਕਾ ਅਤੇ ਫੌਜ ਨੂੰ ਵਰਤ ਰਹੀ ਹੈ

ਨਵੀਂ ਦਿੱਲੀ :-ਭਾਰਤੀ ਵਿਸ਼ਲੇਸ਼ਕਾਂ ਨੇ ਮੋਦੀ ਪ੍ਰਸ਼ਾਸਨ ਦੁਆਰਾ ਚਲਾਏ ਗਏ 'ਫਾਲਸ ਫਲੈਗ' ਆਪ੍ਰੇਸ਼ਨ ਵਿੱਚੋ ਗੁੰਮਰਾਹਕੁੰਨ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਸੀਨੀਅਰ ਭਾਰਤੀ ਪੱਤਰਕਾਰ ਅਤੇ 'ਦਿ ਪ੍ਰਿੰਟ ਇੰਡੀਆ' ਦੇ ਸੰਪਾਦਕ, ਅਜੇ ਸ਼ੁਕਲਾ ਨੇ ਭਾਰਤੀ ਪ੍ਰਚਾਰ ਦਾ ਪਰਦਾਫਾਸ਼ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਰਾਜਨੀਤਿਕ ਲਾਭ ਲਈ ਖੁਫੀਆ ਏਜੰਸੀਆਂ, ਨਿਆਂਪਾਲਿਕਾ ਅਤੇ ਫੌਜ ਵਰਗੇ ਰਾਜ ਸੰਸਥਾਵਾਂ ਦਾ ਸ਼ੋਸ਼ਣ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੁਲਵਾਮਾ, ਪਹਿਲਗਾਮ ਅਤੇ ਪਠਾਨਕੋਟ ਸਮੇਤ ਕਈ ਘਟਨਾਵਾਂ ਵਿੱਚ ਪਾਕਿਸਤਾਨ ਦੀ ਸ਼ਮੂਲੀਅਤ ਦਾ ਝੂਠਾ ਦੋਸ਼ ਲਗਾ ਕੇ ਰਾਜਨੀਤਿਕ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਪਹਿਲਗਾਮ ਫਾਲਸ ਫਲੈਗ ਘਟਨਾ ਦੇ ਸੰਬੰਧ ਵਿੱਚ, ਸੰਸਦੀ ਬਹਿਸ ਦੀ ਬਜਾਏ, ਇੱਕ ਨਾਟਕੀ ਮੁਕਾਬਲੇ ਵਿੱਚ ਅੱਤਵਾਦੀਆਂ ਨੂੰ ਮਾਰਨ ਦੇ ਦਾਅਵੇ ਕੀਤੇ ਗਏ ਸਨ। ਇਸ ਵਾਰ, ਕਸ਼ਮੀਰ ਵਿੱਚ ਇੱਕ ਸਾਬਕਾ ਪਾਕਿਸਤਾਨੀ ਐਸਐਸਜੀ ਕਮਾਂਡੋ ਦੀ ਕਥਿਤ ਸ਼ਹਾਦਤ ਦੇ ਸੰਬੰਧ ਵਿੱਚ ਇੱਕ ਡਰਾਮਾ ਕੀਤਾ ਗਿਆ, ਜਿਸਦੇ ਨਤੀਜੇ ਵਜੋਂ ਭਾਰਤ ਲਈ ਇੱਕ ਹੋਰ ਵਿਸ਼ਵਵਿਆਪੀ ਸ਼ਰਮਿੰਦਗੀ ਹੋਈ।

ਭਾਰਤੀ ਪੱਤਰਕਾਰ ਨੇ ਕਿਹਾ ਕਿ ਭਾਰਤ ਕੋਲ ਕੋਈ ਸਬੂਤ ਨਹੀਂ ਹੈ; ਜੇ ਇਹ ਹੁੰਦਾ ਤਾਂ ਇਸਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਪੇਸ਼ ਕੀਤਾ ਜਾਂਦਾ, ਜੋ ਕਿ ਨਹੀਂ ਹੋਇਆ।ਇਹ ਸਾਰੇ ਝੂਠੇ ਫਲੈਗ ਓਪਰੇਸ਼ਨ ਅਜੀਤ ਡੋਵਾਲ ਦੁਆਰਾ ਚਲਾਏ ਜਾ ਰਹੇ ਹਨ, ਜੋ ਪ੍ਰਧਾਨ ਮੰਤਰੀ ਦਫਤਰ ਤੋਂ ਕੰਮ ਕਰਦੇ ਹਨ, ਉਨ੍ਹਾਂ ਕਿਹਾ ਕਿ ਭਾਰਤੀ ਮੀਡੀਆ ਆਊਟਲੈੱਟ ਡੋਵਾਲ ਦੇ ਇਸ਼ਾਰੇ 'ਤੇ ਜਾਅਲੀ ਖ਼ਬਰਾਂ ਅਤੇ ਮਨਘੜਤ ਬਿਰਤਾਂਤਾਂ ਦਾ ਪ੍ਰਸਾਰ ਕਰਦੇ ਹਨ।

# ਅਮਰੀਕਾ ਮੱਧਕਾਲੀ ਚੋਣਾਂ ਤੋਂ ਪਹਿਲਾਂ ਈਰਾਨ 'ਤੇ ਹਮਲਾ ਨਹੀਂ ਕਰੇਗਾ:ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਅਮਰੀਕਾ 3 ਨਵੰਬਰ ਨੂੰ ਮੱਧਕਾਲੀ ਚੋਣਾਂ ਤੋਂ ਪਹਿਲਾਂ ਈਰਾਨ 'ਤੇ ਦੁਬਾਰਾ ਹਮਲਾ ਨਹੀਂ ਕਰੇਗਾ। ਇਸ ਹਫ਼ਤੇ ਰਿਪਬਲਿਕਨ ਉਮੀਦਵਾਰਾਂ ਲਈ ਪ੍ਰਚਾਰ ਕਰਦੇ ਹੋਏ, ਟਰੰਪ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਯੁੱਧ ਦਾ ਫੈਸਲਾਕੁੰਨ ਪੜਾਅ ਚੋਣਾਂ ਤੋਂ ਪਹਿਲਾਂ ਜਾਂ ਤੁਰੰਤ ਬਾਅਦ ਖਤਮ ਹੋ ਸਕਦਾ ਹੈ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਉਹ ਈਰਾਨ ਵਿਰੁੱਧ ਵੱਡੇ ਪੱਧਰ 'ਤੇ ਫੌਜੀ ਕਾਰਵਾਈ ਦੁਬਾਰਾ ਸ਼ੁਰੂ ਕਰਨ ਦਾ ਵਿਕਲਪ ਖੁੱਲ੍ਹਾ ਰੱਖ ਰਹੇ ਹਨ।

ਇਸ ਦੌਰਾਨ, ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਅਮਰੀਕਾ 3 ਨਵੰਬਰ ਨੂੰ ਮੱਧਕਾਲੀ ਚੋਣਾਂ ਤੋਂ ਪਹਿਲਾਂ ਈਰਾਨ 'ਤੇ ਹਮਲਾ ਨਹੀਂ ਕਰੇਗਾ। ਉਨ੍ਹਾਂ ਨੇ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਲਿਖਿਆ, "ਅਸੀਂ ਈਰਾਨ ਦੇ ਇਸਲਾਮੀ ਗਣਰਾਜ ਨਾਲ ਅਰਥਪੂਰਨ ਗੱਲਬਾਤ ਕਰ ਰਹੇ ਹਾਂ। ਅਸੀਂ 3 ਨਵੰਬਰ ਨੂੰ ਅਮਰੀਕੀ ਮੱਧਕਾਲੀ ਚੋਣਾਂ ਤੋਂ ਪਹਿਲਾਂ ਕਿਸੇ ਵੀ ਸਮੇਂ ਈਰਾਨ 'ਤੇ ਹਮਲਾ ਨਹੀਂ ਕਰਾਂਗੇ।"


ਪੰਜਾਬ ਗਾਰਡੀਅਨ
Call to Advertise
604.590.5200



Keep Smiling Denture Clinic
Keep Smiling Denture Clinic
Now accepting Canadian Dental Care plan patients
*Complete Denture *Partial Denture *Emergency Repair
*Implant Denture *Reline, Rebase *Mouth/Night Guard
ਜੇਕਰ ਤੁਹਾਡੇ ਇਕ ਜਾਂ ਇਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ, ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਹਨ ਉਹਨਾਂ ਨੂੰ ਰੀਲਾਈਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
ਹੁਣ ਕਨੇਡੀਅਨ ਡੈਂਟਲ ਕੇਅਰ ਪਲੈਨ ਵਾਲੇ ਮਰੀਜ ਵੀ ਲੈਂਦੇ ਹਾਂ

GAGAN CHAHAL R.D
REGISTERED DENTURIST
Off:778-600-0811
6834 King George Blvd, Surrey
Email:info@denturistbc.com
Abbotsford Location
2644 Cyril Street Abbotsford
Off:778-600-0810



PLATINUM MOTORCARS
13285 KING GEORGE BLVD, SURREY
WWW.PLATINUMMOTORCARS.CA
ALL OUR CARS LOWEST PRICED IN THE MARKET!
GOOD CREDIT! BAD CREDIT? NO CREDIT?
WE BUY CARS!
ALL TYPES OF FINANCING AVAILABLE!
TRADE-INS WELCOME!


2023 Cadillac Escalade $109,888 Premium Luxury


2021 Ram 1500 Limited Longhorn $39,900 Eco Diesel


2016 Honda Civic Touring $17,900 Low KMS


2023 Honda Cr-V Touring $36,900 Hybrid


2018 Honda Civic EX-T $17,900 Low Bi weekly Payment


2017 Audi A4 $14,900 Progressive Quattro


2022 Honda Civic Touring $26,900 Low Bi weekly Payment


2017 Audi Q7 $18,900 Technik

"WE SELL CLEAN TITLE CARS!"
CALL US TODAY!
PH:778-700-5850
www.platinummotorcars.ca
Hours Of Operation:
MON - SAT:10AM - 7 PM SUN:11AM - 6PM







OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,



ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559
Email: pablajas@yahoo.com

# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010

# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann

SKYLINE PROPERTIES INC

Cell:425-499-9704
email:parimann@gmail.com




Col Navtej Singh Nijjar
MORTGAGE LOAN ORIGINATOR
NMLS#1484258

BARRETT FINANCIAL GROUP

Cell:206-334-4035
Email:NAVTEJ@BARRETTFINANCIAL.COM
Web:BARRETTFINANCIAL.COM/NAVTEJ

# AUBURN'S MAIN SUPERMARKET

INDIAN GROCERIES-LIQUOR-WINE

1119E Main St. Auburn, WA 98002

Store hours: Mon-Sat: 8:00 AM - 10:00 PM Sun: 8:00 AM - 9:00 PM

Lowest Prices in Town WIDE VARIETY OF FROZEN FOOD

When you spend $50 or more,get 5% discount

When you spend $100 or more,get 10% discount Discount only apply to Indian Grocery




FREE PANI-PURI FRI-SUN (12PM 5PM) ONLY 4 Pani Puri/CUSTOMER

ALL KINDS OF HOUSEHOLD UTENSILS (BARTAN) AVAILABLE

BLANKETS ARE ALSO AVAILABILE IN KING, QUEEN, TWIN SIZES

Fresh SugarCane Juice Everyday

Ph:253-249-7430, Cell:253-205-9981

www.auburnsmainsupermarket.com *All prices are marked down



# Kaurs Tax And Accounting

**Trucking Compliance**
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

**Professional Assistance Filling**
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

**Tax Services**
- Tax Filing & Planning
- Personal & Business
- Notary Public
- Payroll Service

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa

Ph:206-472-9602

702 S Hill Park Dr
Suite 202
Puyallup, WA 98373

accounting@kaurs.net
trucking@kaurs.net
Web:www.kaurs.net



# WEST CAPITAL LENDING

YOUR PREFFERRED LOCAL LENDER

- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR
-P&L -30 DAY SOFR ARM -1099 PROGRAM -7/6 SOFR ARMS
-LOT/CUSTOM CONSTRUCTION LOAN AVAILABLE
-24/12 BANK STATEMENT LOANS



KESSHAV SHARMA
BRANCH MANAGER

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ

ਘੱਟ ਰੇਟਾਂ ਦੀ ਗਰੰਟੀ

WEST CAPITAL LENDING

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614



# Ready to grow your business?

Count on us for solutions.

BANNER BANK



Gifty Singh
Bellevue
400 112th Ave NE
206–909–5226

bannerbank.com Member FDIC



# ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ

JAG'S PIZZA

ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508

5830 B, Grove St, Marysville, WA
(Inside Shell Gas Station Plaza)

www.jagspizza.com

OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM



# HG TAX AND ACCOUNTING

25228 104th AVE SE Suite 103 Kent, WA 98030

IT'S TIME TO SAVE ON YOUR TAXES

OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516



# LANCER TRUCKING LLC

21307-116TH AVE SE, KENT, WA 98031-2206

Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.

Ph:206-849-1313



# GROCERY SINGH

Your Neighborhood Store!

ਤੁਹਾਡਾ ਆਪਣਾ ਨੇਬਰਾਹੁੱਡ ਸਟੋਰ!

BEST QUALITY GREAT PRICES EXCELLENT SERVICE

ONE STOP FOR ALL YOUR NEEDS!

ਇੱਕ ਹੀ ਛੱਤ ਹੇਠ, ਸਾਰੀਆਂ ਜ਼ਰੂਰਤਾਂ ਪੂਰੀਆਂ!

WE BRING YOU THE BEST OF QUALITY, VARIETY & VALUE!



- ਤਾਜ਼ੀਆਂ ਸਬਜ਼ੀਆਂ ਅਤੇ ਫਲ
- ਭਾਰਤੀ ਅਤੇ ਇੰਟਰਨੈਸ਼ਨਲ ਸਮਾਨ
- ਮਿਠਾਈਆਂ ਅਤੇ ਸਨੈਕਸ
- ਘਰੇਲੂ ਜ਼ਰੂਰਤਾਂ ਦਾ ਸਮਾਨ

FRESH PRODUCE
Wide variety of fresh fruits and vegetables daily.

SWEETS & SNACKS
Delicious Indian sweets, snacks and bakery items.

INDIAN & INTERNATIONAL GROCERIES
Pulses, spices, rice, atta, oils, snacks, beverages & more.

HOUSEHOLD ESSENTIALS
Daily use items for your home and kitchen.

FRIENDLY SERVICE
We treat every customer like family.

Visit Us Today! ਅੱਜ ਹੀ ਪਧਾਰੋ!

GROCERY SINGH
1825 Broadway
Everett, WA 98201

Thank you for supporting our local store!

ਸਾਡਾ ਸਾਥ ਦੇਣ ਲਈ ਤੁਹਾਡਾ ਧੰਨਵਾਦ!

BEST QUALITY EVERYDAY GREAT PRICES HAPPY CUSTOMERS STRONG COMMUNITY

GOOD FOOD • GOOD PRICES • GOOD NEIGHBORS